


ਕੈਨੇਡੀਅਨ
# ਪੰਜਾਬੀ ਪੋਸਟ

Award winning news paper | Canadian Punjabi Post




Vol 20*Issue 61 Friday, March 26, 2021 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER *ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ*

# ਖਰਚਿਆਂ ਨਾਲ ਭਰਪੂਰ ਹੈ ਇਸ ਵਾਰੀ ਦਾ ਬਜਟ

ਓਨਟਾਰੀਓ, 25 ਮਾਰਚ (ਪੋਸਟ ਬਿਊਰੋ) : ਫੋਰਡ ਸਰਕਾਰ ਵੱਲੋਂ ਲਿਆਂਦਾ ਗਿਆ ਤੀਜਾ ਬਜਟ ਓਨਟਾਰੀਓ ਦੇ ਇਤਿਹਾਸ ਵਿੱਚ ਸੱਭ ਤੋਂ ਵੱਧ ਖਰਚਿਆਂ ਵਾਲਾ ਬਜਟ ਹੈ। ਕੋਵਿਡ-19 ਮਹਾਂਮਾਰੀ ਦੌਰਾਨ ਅਧਿਕਾਰੀਆਂ ਨੇ ਹਸਪਤਾਲਾਂ ਦੀ ਮਦਦ ਲਈ ਤਿਜ਼ੋਰੀਆਂ ਦੇ ਮੂੰਹ ਖੋਲ੍ਹ ਦਿੱਤੇ ਹਨ ਤੇ ਇਸ ਦੇ ਨਾਲ ਹੀ ਵੈਕਸੀਨੇਸ਼ਨ ਲਈ ਵੀ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ।

ਖਰਚਿਆਂ ਦੇ ਨਾਲ ਨਾਲ ਓਨਟਾਰੀਓ ਵਾਸੀਆਂ ਨੂੰ ਇਹ ਆਸ ਵੀ ਬੱਝੀ ਹੈ ਕਿ ਮਹਾਂਮਾਰੀ ਘਟਣ ਨਾਲ ਉਨ੍ਹਾਂ ਦੀ ਸਥਿਤੀ ਵਿੱਚ ਸੁਧਾਰ ਹੋਵੇਗਾ ਤੇ ਇਸ ਬਜਟ ਨਾਲ ਅਰਥਚਾਰੇ ਨੂੰ ਵੀ ਹੁਲਾਰਾ ਮਿਲੇਗਾ। ਬਜਟ ਦਾ ਸਿਰਲੇਖ 'ਪ੍ਰੋਟੈਕਟਿੰਗ ਪੀਪਲਜ਼ ਹੈਲਥ ਐਂਡ ਆਰ ਇਕੌਨਮੀ' ਰੱਖਿਆ ਗਿਆ ਹੈ। ਇਸ ਦੌਰਾਨ 186.1 ਬਿਲੀਅਨ ਡਾਲਰ ਖਰਚੇ ਜਾਣਗੇ। ਇਹ ਪਿਛਲੇ ਸਾਲ ਲਿਆਂਦੇ ਗਏ 148.8 ਬਿਲੀਅਨ ਡਾਲਰ ਦੇ ਬਜਟ ਨਾਲੋਂ ਕਿਤੇ ਜ਼ਿਆਦਾ ਹੈ। ਪਰ ਇਸ ਦੌਰਾਨ ਘਾਟਾ 33.1 ਬਿਲੀਅਨ ਡਾਲਰ ਦਰਸਾਇਆ ਗਿਆ ਹੈ, ਜੋ ਕਿ 2020 ਦੇ 38.5 ਬਿਲੀਅਨ ਘਾਟੇ ਨਾਲੋਂ ਘੱਟ ਹੈ।

ਇਸ ਬਜਟ ਵਿੱਚ ਕੁੱਝ ਨਵੇਂ ਟੈਕਸ ਲਾਏ ਗਏ ਹਨ ਤੇ ਖਰਚਿਆਂ ਵਿੱਚ ਕਟੌਤੀ ਵੀ ਕੀਤੀ ਗਈ ਹੈ। ਇਸ ਬਜਟ ਵਿੱਚ ਸੱਭ ਤੋਂ ਵੱਧ ਖਰਚਾ ਮਹਾਂਮਾਰੀ ਨਾਲ ਹੀ ਜੁੜਿਆ ਹੋਇਆ ਹੈ, ਸਰਕਾਰ ਵੱਲੋਂ ਵੱਖਰੇ ਤੌਰ ਉੱਤੇ 1.8 ਬਿਲੀਅਨ ਡਾਲਰ ਹਾਸਪਿਟਲ ਸੈਕਟਰ ਉੱਤੇ ਖਰਚੇ ਜਾਣਗੇ, ਹਸਪਤਾਲਾਂ ਵਿੱਚ ਨਵੇਂ 3100 ਬੈੱਡ ਲਾਉਣ ਲਈ 760 ਮਿਲੀਅਨ ਡਾਲਰ ਸ਼ਾਮਲ ਹਨ ਤੇ 300 ਮਿਲੀਅਨ ਡਾਲਰ ਸਰਜੀਕਲ ਬੈਕਲਾਗ ਖਤਮ ਕਰਨ ਲਈ ਖਰਚੇ ਜਾਣਗੇ। ਇੱਕ ਬਿਲੀਅਨ ਡਾਲਰ ਸਰਕਾਰ ਦੇ ਵੈਕਸੀਨੇਸ਼ਨ ਪਲੈਨ ਉੱਤੇ ਖਰਚਿਆ ਜਾਵੇਗਾ ਤੇ 2.3 ਬਿਲੀਅਨ ਡਾਲਰ ਕੋਵਿਡ-19 ਦੀ ਟੈਸਟਿੰਗ ਤੇ ਕੌਂਟੈਕਟ ਟਰੇਸਿੰਗ ਉੱਤੇ ਖਰਚ ਕੀਤਾ ਜਾਵੇਗਾ। ਫੋਰਡ ਸਰਕਾਰ ਬਰੈਂਪਟਨ ਵਿੱਚ ਵਿਲੀਅਮ ਓਸਲਰ ਹੈਲਥ ਸਿਸਟਮ ਵਿਖੇ ਨਵਾਂ ਵਿੰਗ ਵੀ ਤਿਆਰ ਕਰਨ ਦੀ ਯੋਜਨਾ ਬਣਾ ਰਹੀ ਹੈ।




ਮਾਪਿਆਂ ਦੀ ਭਾਵੇਂ ਆਮਦਨ ਕਿੰਨੀ ਵੀ ਹੋਵੇ, ਉਨ੍ਹਾਂ ਲਈ ਸਰਕਾਰ ਪ੍ਰਤੀ ਬੱਚੇ ਪਿੱਛੇ 400 ਡਾਲਰ ਤੇ ਸਪੈਸ਼ਲ ਲੋੜਾਂ ਵਾਲੇ ਬੱਚੇ ਪਿੱਛੇ 500 ਡਾਲਰ ਦੇਣ ਦੀ ਯੋਜਨਾ ਲਿਆਈ ਹੈ। ਇਸ ਤੋਂ ਇਲਾਵਾ ਫੋਰਡ ਸਰਕਾਰ ਵੱਲੋਂ ਸਮਾਲ ਬਿਜ਼ਨਸ ਸਪੋਰਟ ਗ੍ਰਾਂਟ ਦੀ ਦੂਜੀ ਅਦਾਇਗੀ ਵਜੋਂ ਮਹਾਂਮਾਰੀ ਕਾਰਨ ਝੰਬੇ ਗਏ ਕਾਰੋਬਾਰਾਂ ਨੂੰ 10,000 ਡਾਲਰ ਤੋਂ ਲੈ ਕੇ 20,000 ਡਾਲਰ ਦੀ ਆਰਥਿਕ ਮਦਦ ਮੁਹੱਈਆ ਕਰਵਾਈ ਜਾਵੇਗੀ। ਯੋਗ ਨਿੱਕੇ ਕਾਰੋਬਾਰਾਂ ਨੂੰ ਆਟੋਮੈਟਿਕਲੀ ਦੂਜੀ ਪੇਅਮੈਂਟ ਹਾਸਲ ਹੋਵੇਗੀ, ਜਿਹੜੀ ਉਨ੍ਹਾਂ ਦੀ ਪਹਿਲੀ ਪੇਅਮੈਂਟ ਦੇ ਬਰਾਬਰ ਹੋਵੇਗੀ। ਜਿਨ੍ਹਾਂ ਲੋਕਾਂ ਨੇ ਮਹਾਂਮਾਰੀ ਦੌਰਾਨ ਆਪਣਾ ਨਿੱਕਾ ਕਾਰੋਬਾਰ ਸ਼ੁਰੂ ਕੀਤਾ ਉਨ੍ਹਾਂ ਨੂੰ ਇਹ ਹਾਸਲ ਹੋ ਜਾਵੇਗੀ।

ਹੁਣ ਟੂਰਿਜ਼ਮ ਲਈ ਵੀ ਰਕਮ ਰਾਖਵੀਂ ਰੱਖੀ ਗਈ ਹੈ। ਨਿੱਕੇ ਟੂਰਿਸਟ ਬਿਜ਼ਨਸ, ਜਿਨ੍ਹਾਂ ਵਿੱਚ ਹੋਟਲ, ਮੋਟਲ, ਟਰੈਵਲ ਏਜੰਸੀਆਂ, ਐਮਿਊਜ਼ਮੈਂਟ ਤੇ ਵਾਟਰ ਪਾਰਕਸ ਤੇ ਬੱਚਿਆਂ ਦੇ ਸਮਰ ਵੈਕੇਸ਼ਨ ਕੈਂਪ ਆਦਿ ਸ਼ਾਮਲ ਹਨ, ਨੂੰ 10,000 ਡਾਲਰ ਤੋਂ 20,000 ਡਾਲਰ ਦੀ ਅਦਾਇਗੀ ਇੱਕ ਵਾਰੀ ਕੀਤੀ ਜਾਵੇਗੀ।

ਸਰਕਾਰ ਵੱਲੋਂ ਚਾਈਲਡ ਕੇਅਰ ਟੈਕਸ ਕ੍ਰੈਡਿਟ ਲਈ ਆਰਜ਼ੀ ਤੌਰ ਉੱਤੇ 20 ਫੀ ਸਦੀ ਵਾਧਾ ਕੀਤਾ ਗਿਆ ਹੈ ਜਿਸ ਨਾਲ ਘੱਟ ਆਮਦਨ ਵਾਲੇ 300,000 ਪਰਿਵਾਰਾਂ ਨੂੰ 1500 ਡਾਲਰ ਵਾਧੂ ਹਾਸਲ ਹੋਣਗੇ। ਜਿਹੜੇ ਪਰਿਵਾਰ ਸਾਲ ਦਾ 50,000 ਡਾਲਰ ਜਾਂ ਇਸ ਤੋਂ ਵੀ ਘੱਟ ਕਮਾਉਂਦੇ ਹਨ ਉਨ੍ਹਾਂ ਦੀ 90 ਫੀ ਸਦੀ ਚਾਈਲਡਕੇਅਰ ਕੌਸਟ ਟੈਕਸ ਕ੍ਰੈਡਿਟ ਰਾਹੀਂ ਕਵਰ ਹੋ ਜਾਵੇਗੀ। ਇਸ ਤੋਂ ਇਲਾਵਾ ਟਿਊਸ਼ਨ ਦੀ ਕੁੱਝ ਲਾਗਤ ਕਵਰ ਕਰਨ ਲਈ ਸਰਕਾਰ ਵੱਲੋਂ ਨਵਾਂ ਆਰਜ਼ੀ ਓਨਟਾਰੀਓ ਜੌਬਜ਼ ਟਰੇਨਿੰਗ ਟੈਕਸ ਕ੍ਰੈਡਿਟ ਸ਼ੁਰੂ ਕੀਤਾ ਜਾਵੇਗਾ। ਸਰਕਾਰ ਦਾ ਕਹਿਣਾ ਹੈ ਕਿ 2000 ਡਾਲਰ ਪ੍ਰਤੀ ਵਿਅਕਤੀ ਦੇਵੇਗੀ ਜਿਸ ਨਾਲ 50 ਫੀ ਸਦੀ ਯੋਗ ਖਰਚੇ ਪੂਰੇ ਹੋ ਸਕਣਗੇ।

ਇਸ ਦੇ ਨਾਲ ਹੀ ਸਰਕਾਰ ਵੱਲੋਂ ਨਵੇਂ ਓਨਟਾਰੀਓ ਵ੍ਹੀਕਲ ਇਨੋਵੇਸ਼ਨ ਨੈੱਟਵਰਕ ਲਈ 4 ਸਾਲਾਂ ਦੇ ਅਰਸੇ ਦੌਰਾਨ 56.4 ਮਿਲੀਅਨ ਡਾਲਰ ਰਾਖਵੇਂ ਰੱਖੇ ਜਾਣਗੇ। ਅਜਿਹਾ ਨੈਕਸਟ ਜੈਨਰੇਸ਼ਨ ਵ੍ਹੀਕਲ ਵਿਕਸਤ ਕਰਨ ਲਈ ਕੀਤਾ ਜਾਵੇਗਾ। ਇਸ ਦੇ ਨਾਲ ਹੀ ਅਗਲੇ 10 ਸਾਲਾਂ ਵਿੱਚ ਹਾਈਵੇਅਜ਼ ਲਈ 21 ਬਿਲੀਅਨ ਡਾਲਰ ਰੱਖੇ ਹਨ। ਸਿੱਖਿਆ ਉੱਤੇ ਸਰਕਾਰ ਵੱਲੋਂ ਇਸ ਵਾਰੀ ਕੁੱਝ ਨਵਾਂ ਖਰਚਾ ਨਹੀਂ ਕੀਤਾ ਜਾ ਰਿਹਾ।

ਨਿੱਕੀਆਂ ਡਿਸਟਿਲਰੀਜ਼ ਦੀ ਮਦਦ ਲਈ 1.2 ਮਿਲੀਅਨ ਡਾਲਰ ਰਾਖਵੇਂ ਰੱਖੇ ਗਏ ਹਨ। ਮੈਰੀਯੁਆਨਾ ਉੱਤੇ ਸਰਕਾਰ ਵੱਲੋਂ ਉਮੀਦ ਨਾਲੋਂ ਘੱਟ ਖਰਚਾ ਕੀਤਾ ਜਾ ਰਿਹਾ ਹੈ। ਸਰਕਾਰ ਲੀਗਲ ਇੰਟਰਨੈੱਟ ਗੇਮਿੰਗ ਲਈ ਤਿਆਰ ਹੈ ਤੇ ਇਸ ਲਈ ਸਰਕਾਰ ਨੇ ਕਮਰਸ਼ੀਅਲ ਪ੍ਰੋਜੈਕਟ ਲੀਡ ਵੀ ਨਿਯੁਕਤ ਕੀਤਾ ਹੈ। ਸਰਕਾਰ ਨੇ ਐਂਟੀ ਰੇਸਿਜ਼ਮ ਤੇ ਐਂਟੀ ਹੇਟ ਪ੍ਰੋਗਰਾਮ ਲਈ ਦੋ ਸਾਲਾਂ ਦੇ ਅਰਸੇ ਵਾਸਤੇ 1.2 ਮਿਲੀਅਨ ਡਾਲਰ ਦੇ ਨੇੜੇ ਤੇੜੇ ਰਕਮ ਰਾਖਵੀਂ ਰੱਖੀ ਹੈ।

## ਅੰਦਰ ਪੜ੍ਹੋ

ਸੁਪਰੀਮ ਕੋਰਟ ਨੇ ਫੈਡਰਲ ਕਾਰਬਨ ਪ੍ਰਾਈਸ ਨੂੰ ਦੱਸਿਆ ਸੰਵਿਧਾਨਕ




19 ਅਪਰੈਲ ਨੂੰ ਬਜਟ ਪੇਸ਼ ਕਰੇਗੀ ਫੈਡਰਲ ਸਰਕਾਰ : ਫਰੀਲੈਂਡ




# 5 ਮਿਲੀਅਨ ਡਾਲਰ ਦੇ ਨਸ਼ੇ ਤੇ ਹਥਿਆਰ ਬਰਾਮਦ

## 26 ਵਿਅਕਤੀਆਂ ਨੂੰ ਕੀਤਾ ਗਿਆ ਚਾਰਜ

ਟੋਰਾਂਟੋ, 25 ਮਾਰਚ (ਪੋਸਟ ਬਿਊਰੋ) : ਜੀਟੀਏ ਵਿੱਚ ਸਾਂਝੀਆਂ ਫੋਰਸਿਜ਼ ਵੱਲੋਂ ਕਈ ਮਿਲੀਅਨ ਡਾਲਰ ਦੇ ਨਸ਼ੇ ਤੇ ਹਥਿਆਰ ਬਰਾਮਦ ਕੀਤੇ ਗਏ ਹਨ। ਇਸ ਸਬੰਧ ਵਿੱਚ ਦੋ ਦਰਜਨ ਵਿਅਕਤੀਆਂ ਖਿਲਾਫ ਚਾਰਜਿਜ਼ ਲਾਏ ਗਏ ਹਨ।



...ਬਾਕੀ ਪੰਨਾ 6 'ਤੇ

# ਅਗਲੇ ਹਫਤੇ ਕੈਨੇਡਾ ਨੂੰ ਅਮਰੀਕਾ ਕੋਲੋਂ ਕੋਵਿਡ-19 ਵੈਕਸੀਨ ਦੀਆਂ 1·5 ਮਿਲੀਅਨ ਡੋਜ਼ਾਂ ਹੋਣਗੀਆਂ ਹਾਸਿਲ : ਫੋਰਟਿਨ

ਓਟਵਾ, 25 ਮਾਰਚ (ਪੋਸਟ ਬਿਊਰੋ) : ਅਮਰੀਕਾ ਨਾਲ ਡੋਜ਼ ਸ਼ੇਅਰ ਕਰਨ ਦੀ ਡੀਲ ਸਿਰੇ ਚੜ੍ਹ ਚੁੱਕੀ ਹੈ। ਅਗਲੇ ਹਫਤੇ ਐਸਟ੍ਰਾਜ਼ੈਨੇਕਾ ਵੈਕਸੀਨ ਦੇ 1.5 ਮਿਲੀਅਨ ਸ਼ੌਟਸ ਕੈਨੇਡਾ ਨੂੰ ਹਾਸਲ ਹੋਣਗੇ। ਇਹ ਐਲਾਨ ਵੀਰਵਾਰ ਨੂੰ ਮੇਜਰ ਜਨਰਲ ਡੈਨੀ ਫੋਰਟਿਨ ਵੱਲੋਂ ਕੀਤਾ ਗਿਆ। ਅਗਲੇ ਹਫਤੇ ਅਮਰੀਕਾ ਵੱਲੋਂ ਡੋਜ਼ਾਂ ਮਿਲਣ ਉੱਤੇ ਨਿਰਭਰ ਕਰਦਾ ਹੈ ਕਿ ਪਹਿਲੀ ਤਿਮਾਹੀ ਮੁੱਕਣ ਤੱਕ ਤੇ ਡੋਜ਼ਾਂ ਹਾਸਲ ਹੋਣ ਉਪਰੰਤ ਕੈਨੇਡਾ ਮਾਰਚ ਦੇ ਅੰਤ ਤੱਕ ਅੱਠ ਮਿਲੀਅਨ ਕੋਵਿਡ-19 ਵੈਕਸੀਨ ਡੋਜ਼ਾਂ ਦਾ ਆਪਣਾ ਟੀਚਾ ਪੂਰਾ ਕਰ ਸਕੇਗਾ ਕਿ ਨਹੀਂ। ਫੋਰਟਿਨ ਨੇ ਆਖਿਆ ਕਿ



ਪਬਲਿਕ ਸਰਵਿਸ ਐਂਡ ਪ੍ਰੋਕਿਓਰਮੈਂਟ ਕੈਨੇਡਾ ਨੇ ਪਿੱਛੇ ਜਿਹੇ ਅਮਰੀਕਾ ਨਾਲ 1.5 ਮਿਲੀਅਨ ਡੋਜ਼ਾਂ ਦੀ ਡਲਿਵਰੀ ਬਾਰੇ ਗੱਲਬਾਤ ਫਾਈਨਲ ਕੀਤੀ ਸੀ। ਇਹ ਡੋਜ਼ਾਂ ਅਗਲੇ ਹਫਤੇ ਕੈਨੇਡਾ ਪਹੁੰਚ ਸਕਦੀਆਂ ਹਨ।

...ਬਾਕੀ ਪੰਨਾ 6 'ਤੇ

# ਅਪਰੈਲ ਵਿੱਚ ਮਨਾਏ ਜਾਣਗੇ 7ਵੇਂ ਸਾਲਾਨਾ ਸਿੱਖ ਹੈਰੀਟੇਜ ਮੰਥ ਦੇ ਜਸ਼ਨ




ਬਰੈਂਪਟਨ, 22 ਮਾਰਚ (ਪੋਸਟ ਬਿਊਰੋ) : ਸਿੱਖ ਹੈਰੀਟੇਜ ਮੰਥ ਫਾਊਂਡੇਸ਼ਨ ਵੱਲੋਂ 7ਵੇਂ ਸਾਲਾਨਾ ਸਿੱਖ ਹੈਰੀਟੇਜ ਮੰਥ 2021 ਦਾ ਐਲਾਨ ਕੀਤਾ ਗਿਆ। ਪਿਛਲੇ ਛੇ ਸਾਲਾਂ ਦੀ ਸਫਲਤਾ ਸਦਕਾ ਫਾਊਂਡੇਸ਼ਨ ਵੱਲੋਂ ਕਮਿਊਨਿਟੀ ਨੂੰ ਕਈ ਤਰ੍ਹਾਂ ਦੀ ਪ੍ਰੋਗਰਾਮਿੰਗ ਮੁਹੱਈਆ ਕਰਵਾਉਣ ਲਈ ਵੰਨ ਸਵੰਨੀਆਂ ਕਮਿਊਨਿਟੀ ਆਰਗੇਨਾਈਜ਼ੇਸ਼ਨਜ਼ ਨਾਲ ਤਾਲਮੇਲ ਬਿਠਾਉਣਾ ਜਾਰੀ ਰੱਖਿਆ ਗਿਆ। ਮਹਾਂਮਾਰੀ ਦੀ ਮੌਜੂਦਾ ਸਥਿਤੀ ਕਾਰਨ ਹਰ ਉਮਰ ਵਰਗ ਦੇ ਲੋਕਾਂ ਲਈ ਕਮਾਲ ਦੀ ਪ੍ਰੋਗਰਾਮਿੰਗ ਲਿਆਉਣ ਲਈ ਸਾਰੇ ਈਵੈਂਟਸ ਦੀ ਆਨਲਾਈਨ ਮੇਜ਼ਬਾਨੀ ਕੀਤੀ ਜਾਵੇਗੀ।

ਇਸ ਮਹੀਨੇ ਦੌਰਾਨ ਕਈ ਤਰ੍ਹਾਂ ਦੇ ਸਪੀਕਰ ਆਪਣੀ ਰਾਇ ਰੱਖਣਗੇ, ਜਾਣਕਾਰੀ ਭਰਪੂਰ ਸੈਮੀਨਾਰ ਕਰਵਾਏ ਜਾਣਗੇ, ਕਲਾਕਾਰਾਂ ਵੱਲੋਂ ਵਿਲੱਖਣ ਪੇਸ਼ਕਾਰੀਆਂ ਕੀਤੀਆਂ ਜਾਣਗੀਆਂ, ਸੰਗੀਤ ਦੇ ਨਾਲ ਨਾਲ ਲੋਕਲ ਤੇ ਕੌਮਾਂਤਰੀ ਕਮਿਊਨਿਟੀ ਅੰਬੈਸਡਰਜ਼ ਤੇ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਵਿਚਾਰ ਵਟਾਂਦਰੇ ਹੋਣਗੇ। ਸਿਟੀ ਆਫ ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਨੇ ਆਖਿਆ ਕਿ ਹਰ ਸਾਲ ਸਿੱਖ ਹੈਰੀਟੇਜ ਮੰਥ ਦੌਰਾਨ ਕਮਿਊਨਿਟੀਜ਼ ਨੂੰ ਰਲ ਕੇ ਕਲਾ, ਵਿਰਾਸਤ ਤੇ ਸੱਭਿਆਚਾਰ ਦੇ ਜਸ਼ਨ ਮਨਾਉਣ ਦਾ ਮੌਕਾ ਮਿਲਦਾ ਹੈ। ਉਨ੍ਹਾਂ ਆਖਿਆ ਕਿ ਸਿਟੀ ਆਫ ਬਰੈਂਪਟਨ ਦੇ ਮਾਰਕੀ ਫੈਸਟੀਵਲ ਐਂਡ ਈਵੈਂਟਸ ਫੰਡ ਦੀ ਮਦਦ ਨਾਲ ਸਿੱਖ ਹੈਰੀਟੇਜ ਮੰਥ ਫਾਊਂਡੇਸ਼ਨ ਦੇ ਈਵੈਂਟਸ ਵਿੱਚੋਂ ਲੋਕਲ ਤੇ ਕੌਮਾਂਤਰੀ ਕਲਾਕਰਾਂ ਦੇ ਕੰਮ ਨੂੰ ਦਰਸਾਇਆ ਗਿਆ ਤੇ 20 ਤੋਂ ਵੱਧ ਕਮਿਊਨਿਟੀ ਭਾਈਵਾਲਾਂ ਨਾਲ ਸਾਂਝ ਪਾਈ ਗਈ। ਸਾਡੀ ਸਿਟੀ ਲਈ ਇਸ ਜਥੇਬੰਦੀ ਵੱਲੋਂ ਜੋ ਕੰਮ ਕੀਤਾ ਗਿਆ ਉਸ ਉੱਤੇ ਸਾਨੂੰ ਬੜਾ ਮਾਣ ਹੈ।

ਸਿੱਖ ਹੈਰੀਟੇਜ ਮੰਥ ਫਾਊਂਡੇਸ਼ਨ ਸਿੱਖ ਫੈਸਟ ਨੂੰ ਲਾਂਚ ਕਰਨ ਲਈ ਬਹੁਤ ਉਤਸ਼ਾਹਿਤ ਹੈ। ਇਸ ਤਿੰਨ ਰੋਜ਼ਾ ਸਿੱਖ ਫੈਸਟ ਦੌਰਾਨ ਕਲਾ, ਸੱਭਿਆਚਾਰ, ਕਮਿਊਨਿਟੀ, ਸੰਗੀਤ ਤੇ ਹੋਰ ਕਈ ਪਹਿਲੂਆਂ ਦੇ ਰੂ-ਬ-ਰੂ ਹੋਣ ਦਾ ਮੌਕਾ ਮਿਲੇਗਾ। 10 ਅਪਰੈਲ, 17 ਅਪਰੈਲ ਤੇ 24 ਅਪਰੈਲ ਨੂੰ ਵਰਚੂਅਲੀ ਹੋਣ ਜਾ ਰਹੇ ਇਨ੍ਹਾਂ ਸਮਾਰੋਹਾਂ ਵਿੱਚ ਹਿੱਸਾ ਲਵੋ।

ਸਿੱਖ ਹੈਰੀਟੇਜ ਮੰਥ ਤੇ ਸਿੱਖ ਫੈਸਟ ਲਈ ਸਾਰੇ ਪ੍ਰੋਗਰਾਮਾਂ ਵਿੱਚ ਰਜਿਸਟ੍ਰੇਸ਼ਨ ਲਈ ਵਧੇਰੇ ਜਾਣਕਾਰੀ https://www.sikhheritage-month.ca/ ਉੱਤੇ ਮਿਲਣ ਦੇ ਨਾਲ ਨਾਲ ਇਨਸਟ-ਗ੍ਰਾਮ, ਫੇਸਬੁੱਕ ਤੇ ਟਵਿੱਟਰ ਉੱਤੇ ਵੀ ਉਪਲਬਧ ਹੈ।





Other Realtors only Promise
But JAG AUJLA SOLD YOUR HOME WITH
GUARANTEE

Advertisement
GUARANTEED
Till SOLD

Top 1% Ranked Broker
Call For a Quick & Free Home Evaluation
www.BramptonQuickHomeEvaluation.com

**2016,2015,2014,2013 2012,2011,2010) **(2009,2008) **(2010) **(2014)

JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated)
Off: 905-456-3232
www.BramptonTopRelator.com

ਘਰਾਂ ਦੀਆਂ ਨਵੀਆਂ
ਲਿਸਟਿੰਗਾਂ (Listings)
ਦੀ ਬਹੁਤ ਲੋੜ ਹੈ

CALEDON




ਕੈਨੇਡੀ / ਦੁੱਗਲ

ਬਰੈਂਡ ਨੀਉ ਘਰ ਸੈਲ ਲਈ ਉਪਲਬੱਧ ਹੈ । ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ । ਡਾਇਨੀਂਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਉਨਟਰ ਟਾਪ। ਮੈਨ ਫਲੋਰ ਲਾਂਡਰੀ ਹੈ ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ' ਸੰਪਰਕ ਕਰ ਸਕਦੇ ਹੋ ।

BRAMPTON




ਵੀਲੀਅਮ ਪਾਕਵੇ/ਰੋਇਲ ਓਰਚਾਰਡ

ਲਗਭਗ 2800 ਸੁਕੇਅਰ ਫੁੱਟ ਵਿੱਚ ਬਣਿਆ 5+2 ਬੈਡਰੂਮ ਅਤੇ 4 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ। 48 ਫੁੱਟ ਲਾਟ ਹੈ। ਫਿਨੀਸ਼ਡ ਬੇਸਮੈਂਟ ਅਤੇ ਸੇਪਰੈਟ ਸਾਈਡ ਏਨਟਰੈਂਸ । ਨਵੀਂ ਰੂਫ ਸ਼ਿੰਗਲ ਅਤੇ ਨਵੀਂ ਅਪਗ੍ਰੇਡੇਡ ਕਿਚਨ ਜਿਸ ਵਿੱਚ ਗਰੇਨਾਈਟ ਟਾਪ ਹੈ । ਪੈਂਟਰੀ ਨਾਲ ਬਰੇਕਫਾਸਟ ਏਰੀਏ। ਗਲਿਮੀਂਗ ਹਾਰਡਵੁਡ ਫਲੋਰ। ਬੈਡਰੂਮ ਵਿੱਚ ਲੈਮੀਨੇਟ ਫਲੋਰ। ਓਕ ਸਟੇਅਰ ਕੇਸ। ਮਾਸਟਰ ਬੈਡਰੂਮ 5 ਪੀਸ ਈਨਸੂਟ। ਸਾਰੀਆਂ ਸਹੂਲਤਾਂ ਦੇ ਨੇੜੇ ।

BRAMPTON



Sandalwood/Chinguacousy Park

72 Botavia Downs dr
**$ 1525**
ਲੀਸ ਲਈ
ਸੈਂਡਲਵੁਡ/ਕਿਰਾਏ ਲਈ
2 ਬੈਡਰੂਮ, 1 ਵਾਸ਼ਰੂਮ ਦੀ ਬਹੁਤ ਸੋਹਣੀ ਬੇਸਮੈਂਟ, (Separate Laundry) ਸੈਪਰੇਟ ਲਾਊਂਡਰੀ ਅਤੇ ਸੈਪਰੇਟ ਐਂਟਰੈਂਸ, 1 ਜਾਂ 2 ਕਾਰ ਪਾਰਕਿੰਗ, ਸਾਰੀਆਂ ਸੁਵਿਧਾਵਾਂ ਦੇ ਨੇੜੇ, A++ ਜਾਂ ਛੋਟੀ ਫੈਮਿਲੀ ਨੂੰ ਪਹਿਲ।

BRAMPTON



34 Winterfold Dr

Rutherford/Kennedy/Will. Pkwy
**$774,905**
5 ਲੈਵਲ ਬੈਕ ਸਪਲਿਟ ਡੀਟੈਚਡ ਘਰ, 3 ਬੈਡਰੂਮ, 3 ਵਾਸ਼ਰੂਮ, ਹਾਫ ਫਿਨਿਸ਼ਡ ਬੇਸਮੈਂਟ, 36 ਫੁੱਟ ਲਾਟ, 2020 ਵਿਚ ਅਪਗ੍ਰੇਡ ਕੀਤਾ ਗਿਆ ਅਪਗ੍ਰਿਡਿਡ ਕਿਚਨ, ਅਪਗ੍ਰਿਡਿਡ ਵਾਸ਼ਰੂਮ ਅਤੇ ਬੈਂਡਰੂਮ, ਹਾਈਵੇ 410 ਦੇ ਬਹੁਸ ਨਜ਼ਦੀਕ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ।

BRAMPTON




Dixie/Queen

8 Lisa St.
**$ 434,905**
1142 ਸਕੇਅਰ ਫੁੱਟ ਦੀ ਕੌਂਡੋ (ਛੋਨਦੋ), 21ਸਟ ਫਲੋਰ ਉਤੇ 2 ਬੈਡਰੂਮ, 2 ਵਾਸ਼ਰੂਮ, ਲਾਊਂਡਰੀ, 1 ਅੰਡਰ ਗ੍ਰਾਊਂਡ ਕਾਰ ਪਾਰਕਿੰਗ, ਮਾਸਟਰ ਬੈਡਰੂਮ ਵਿਚ 3 ਪੀਸੀ ਇਨਸੂਟ, 24 ਘੰਟੇ ਸਿਕਿਉਰਿਟੀ (Security), ਬਰੈਮਲੀ ਸਿਟੀ ਸੈਂਟਰ (Bramalea City Center) ਦੇ ਕੋਲ ਸਾਰੀਆਂ ਸਹੂਲਤਾਂ ਦੇ ਨੇੜੇ, ਵਾਸ਼ਰ ਅਤੇ ਡਰਾਇਰ (Dryer), ਡਿਸ਼ਵਾਸ਼ਰ ਅਤੇ ਹੋਰ ਬਹੁਤ ਕੁੱਝ ਸ਼ਾਮਲ।



apna health

ਫੈਲਣ ਤੋ ਰੋਕੋ!
प्रसार बंद करो!
پھیلاؤ کو روکیں!
பரவுதலை நிறுத்துங்கள்!
রোগ ছড়ানো বন্ধ করুন!



stop the spread!

Avoid large groups > Wash your hands often > Wear a mask
We are here to help and can provide access to a variety of supports to the South Asian community.

Get COVID-19 help & information in your language

647-846-2233
Outside of GTA Call: 1-866-300-3454
For Support in Hindi, Urdu, Tamil, Bengali and Punjabi

905-799-7700
Call Peel Region Helpline
For support in English (Monday to Friday 8:30 am to 4:30 pm)

To know more visit
apnahealth.org

Apna Health is a partnership committed to the **South Asian community**'s health and wellness during the pandemic and beyond.

Supported by Indus Community Services pchs Serving Diverse Communities CASSA



75 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਹੋ?

ਹੁਣ ਤੁਸੀਂ ਆਪਣੀ ਕੋਵਿਡ-19 ਵੈਕਸੀਨ ਬੁੱਕ ਕਰ ਸਕਦੇ ਹੋ

905-791-5202
peelregion.ca/covid19vaccine

Region of Peel
working with you

# ਸੱਤਾ ਵਿਚ ਆਏ ਤਾਂ ਪ੍ਰੋਜੈਕਟ ਹਾਈਵੇਅ 413 ਖ਼ਤਮ ਕਰਾਂਗੇ : ਡੈਲ ਡੂਕਾ

ਟੋਰਾਂਟੋ, 22 ਮਾਰਚ (ਪੋਸਟ ਬਿਊਰੋ) :ਓਨਟਾਰੀਓ ਦੀ ਲਿਬਰਲ ਪਾਰਟੀ ਦੇ ਆਗੂ ਸਟੀਵਨ ਡੈੱਲ ਡੂਕਾ ਵੱਲੋਂ ਇਹ ਤਹੱਈਆ ਪ੍ਰਗਟਾਇਆ ਗਿਆ ਹੈ ਕਿ ਜੇ ਉਹ ਪ੍ਰੀਮੀਅਰ ਚੁਣੇ ਜਾਂਦੇ ਹਨ ਤਾਂ ਸੱਭ ਤੋਂ ਪਹਿਲਾਂ ਉਹ ਡੱਗ ਫੋਰਡ ਦੇ ਪ੍ਰੋਜੈਕਟ ਹਾਈਵੇਅ 413 ਨੂੰ ਖ਼ਤਮ ਕਰਵਾਉਣਗੇ। ਇਸ ਦੀ ਥਾਂ ਉੱਤੇ ਉਹ ਇਸ ਰਕਮ ਨਾਲ ਅਗਲੇ ਪੰਜ ਸਾਲਾਂ ਵਿੱਚ 8 ਬਿਲੀਅਨ ਡਾਲਰ ਨਿਵੇਸ਼ ਕਰਕੇ ਪ੍ਰੋਵਿੰਸ ਦੇ ਹਰ ਕੋਨੇ ਵਿੱਚ ਜਨਤਕ ਫੰਡਾਂ ਵਾਲੇ ਸਕੂਲਾਂ ਦਾ ਨਿਰਮਾਣ ਕਰਵਾਉਣਗੇ ਤੇ ਉਨ੍ਹਾਂ ਦੀ ਮੁਰੰਮਤ ਕਰਵਾਉਣਗੇ।



ਡੈਲ ਡੂਕਾ ਨੇ ਆਖਿਆ ਕਿ ਡੱਗ ਫੋਰਡ ਗਲਤ ਕਰ ਰਹੇ ਹਨ। ਉਨ੍ਹਾਂ ਦਾ ਧਿਆਨ ਸਿਰਫ ਤੇ ਸਿਰਫ ਬਿਲੀਅਨੇਅਰ ਕੰਜ਼ਰਵੇਟਿਵ ਡੋਨਰਾਂ ਦੀਆਂ ਜੇਬ੍ਹਾਂ ਭਰਨਾ ਹੈ।ਦੂਜੇ ਪਾਸੇ ਓਨਟਾਰੀਓ ਦੇ ਲਿਬਰਲ ਉਨ੍ਹਾਂ ਕਈ ਮਿਲੀਅਨ ਪਰਿਵਾਰਾਂ ਮਦਦ ਕਰਨੀ ਚਾਹੁੰਦੇ ਹਨ ਜਿਨ੍ਹਾਂ ਦੇ ਬੱਚੇ ਬਿਹਤਰ ਸਕੂਲ ਡਿਜ਼ਰਵ ਕਰਦੇ ਹਨ। ਉਨ੍ਹਾਂ ਆਖਿਆ ਕਿ ਉਹ ਸੰਕਲਪ ਲੈਂਦੇ ਹਨ ਕਿ ਸਾਡੇ ਬੱਚਿਆਂ ਤੇ ਸਾਡੇ ਐਜੂਕੇਸ਼ਨ ਵਰਕਰਜ਼ ਲਈ ਦੁਨੀਆ ਭਰ ਵਿੱਚ ਸਿੱਖਣ ਲਈ ਤੇ ਕੰਮ ਕਰਨ ਲਈ ਬਿਹਤਰੀਨ ਹਾਲਾਤ ਹੋਣ। ਉਨ੍ਹਾਂ ਆਖਿਆ ਕਿ ਇਹ ਯਕੀਨੀ ਬਣਾਉਣ ਲਈ ਜੋ ਵੀ ਜ਼ਰੂਰੀ ਹੋਵੇਗਾ ਉਹ ਕਰਨਗੇ।

ਉਨ੍ਹਾਂ ਆਖਿਆ ਕਿ ਸਕੂਲਾਂ ਦੇ ਪੁਨਰ ਨਿਰਮਾਣ ਲਈ ਓਨਟਾਰੀਓ ਲਿਬਰਲ ਐਕਸ਼ਨ ਪਲੈਨ ਇੱਕ ਪੂਰੀ ਪੀੜ੍ਹੀ ਤੋਂ ਵੀ ਵੱਧ ਸਮੇਂ ਬਾਅਦ ਸਾਡੇ ਸਕੂਲਾਂ ਲਈ ਸੱਭ ਤੋਂ ਵਧੀਆ ਨਿਵੇਸ਼ ਦੀ ਪਹਿਲੀ ਕਿਸ਼ਤ ਹੈ। ਉਨ੍ਹਾਂ ਆਖਿਆ ਕਿ ਪ੍ਰੋਵਿੰਸ ਦੇ ਸਕੂਲ ਬੋਰਡਜ਼ ਨਾਲ ਰਲ ਕੇ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਅਰਬਨ, ਰੂਰਲ ਤੇ ਦੂਰ ਦਰਾਜ ਦੀਆਂ ਕਮਿਊਨੀਟੀਜ਼ ਦੀਆਂ ਲੋੜਾਂ ਨੂੰ ਪੂਰਾ ਕਰੀਏ। ਇਸ ਦੇ ਨਾਲ ਹੀ ਲਿਬਰਲ ਸਰਕਾਰ ਸੈਂਕੜੇ ਨਵੇਂ ਸਕੂਲ ਬਣਾਵੇਗੀ ਤੇ ਸਕੂਲਾਂ ਦੀ ਮੁਰੰਮਤ ਦਾ ਕੰਮ ਵੀ ਤੇਜ਼ੀ ਨਾਲ ਪੂਰਾ ਕਰਾਵੇਗੀ। ਉਨ੍ਹਾਂ ਆਖਿਆ ਕਿ ਇਹ ਸੋਚਿਆ ਵੀ ਨਹੀਂ ਜਾ ਸਕਦਾ ਕਿ ਡੱਗ ਫੋਰਡ ਚੰਦ ਕਮਿਊਟਰਜ਼ ਨੂੰ ਕੁੱਝ ਸੈਕਿੰਡ ਦਾ ਫਾਇਦਾ ਪਹੁੰਚਾਉਣ ਲਈ ਉਪਜਾਊ ਜ਼ਮੀਨਾਂ, ਵੈੱਟਲੈਂਡਜ਼ ਤੇ ਗ੍ਰੀਨਬੈਲਟ ਨੂੰ ਨੁਕਸਾਨ ਪਹੁੰਚਾਉਣ ਲਈ ਤਿਆਰ ਹਨ ਤੇ ਇਸ ਲਈ ਉਹ ਕਈ ਬਿਲੀਅਨ ਡਾਲਰ ਖਰਚ ਕਰਨੇ ਚਾਹੁੰਦੇ ਹਨ। ਇਸ ਤੋਂ ਪਹਿਲਾਂ ਵੀ ਇਸ ਪ੍ਰੋਜੈਕਟ ਨੂੰ ਲਿਬਰਲਾਂ ਨੇ ਰੋਕਿਆ ਸੀ ਤੇ ਅਸੀਂ ਇੱਕ ਵਾਰੀ ਮੁੜ ਅਜਿਹਾ ਕਰਾਂਗੇ। ਇਨ੍ਹਾਂ ਫੰਡਾਂ ਦੀ ਵਰਤੋਂ ਅਸੀਂ ਸਕੂਲਾਂ ਨੂੰ ਆਧੁਨਿਕ ਰੰਗਤ ਦੇਣ, ਕਲਾਸਾਂ ਨੂੰ ਸਿਹਤਮੰਦ, ਸੁਰੱਖਿਅਤ ਬਣਾਉਣ ਅਤੇ ਵਾਤਾਵਰਣ ਦੇ ਹਿਸਾਬ ਨਾਲ ਲਚਕੀਲਾ ਬਣਾਉਣ ਲਈ ਕਰਾਂਗੇ।

# ਓਸ਼ਾਵਾ ਵਿੱਚ ਅੱਗ ਲੱਗਣ ਕਾਰਨ ਸੜੇ ਘਰਾਂ ਦੇ ਮਲਬੇ ਵਿੱਚੋਂ ਦੋ ਬੱਚਿਆਂ ਦੀਆਂ ਮਿਲੀਆਂ ਲਾਸ਼ਾਂ

ਟੋਰਾਂਟੋ, 25 ਮਾਰਚ (ਪੋਸਟ ਬਿਊਰੋ) : ਸੋਮਵਾਰ ਸਵੇਰੇ ਓਸ਼ਾਵਾ ਦੇ ਕੁੱਝ ਘਰਾਂ ਵਿੱਚ ਲੱਗੀ ਅੱਗ ਵਾਲੀ ਥਾਂ ਤੋਂ ਦੋ ਬੱਚਿਆਂ ਦੀਆਂ ਲਾਸ਼ਾਂ ਮਿਲੀਆਂ ਹਨ। ਇਹ ਜਾਣਕਾਰੀ ਐਮਰਜੰਸੀ ਅਧਿਕਾਰੀਆਂ ਵੱਲੋਂ ਦਿੱਤੀ ਗਈ। ਇਸ ਤੋਂ ਬਾਅਦ ਇਸ ਘਟਨਾ ਵਿੱਚ ਮਾਰੇ ਗਏ ਲੋਕਾਂ ਦੀ ਗਿਣਤੀ ਚਾਰ ਹੋ ਗਈ।



ਮੰਗਲਵਾਰ ਨੂੰ ਜਾਂਚ ਸਬੰਧੀ ਅਪਡੇਟ ਮੁਹੱਈਆ ਕਰਵਾਉਣ ਲਈ ਅਧਿਕਾਰੀ ਮੌਕੇ ਉੱਤੇ ਮੌਜੂਦ ਸਨ।ਉਨ੍ਹਾਂ ਦੱਸਿਆ ਕਿ ਇੱਕ ਦਿਨ ਪਹਿਲਾਂ ਦੋ ਬਾਲਗਾਂ ਦੀਆਂ ਲਾਸ਼ਾਂ ਮਲਬੇ ਵਿੱਚੋਂ ਮਿਲੀਆਂ ਸਨ ਤੇ ਹੁਣ ਦੋ ਬੱਚਿਆਂ ਦੀਆਂ ਲਾਸ਼ਾਂ ਵੀ ਮਲਬੇ ਵਿੱਚੋਂ ਬਰਾਮਦ ਹੋਈਆਂ ਹਨ। ਓਸ਼ਾਵਾ ਦੇ ਓਲਿਵ ਐਵਨਿਊ ਵਿੱਚ ਰਾਤੀਂ 1:00 ਵਜੇ ਲੱਗੀ ਅੱਗ ਤੋਂ ਬਾਅਦ ਤੋਂ ਹੀ ਐਮਰਜੰਸੀ ਅਮਲਾ ਚਾਰ ਲਾਪਤਾ ਵਿਅਕਤੀਆਂ ਦੀ ਭਾਲ ਕਰ ਰਿਹਾ ਹੈ।ਫਾਇਰ ਚੀਫ ਡੈਰਿਕ ਕਲਾਰਕ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਲਾਪਤਾ ਚਾਰ ਦੇ ਚਾਰ ਵਿਅਕਤੀ ਹੁਣ ਮਿਲ ਚੁੱਕੇ ਹਨ।

ਉਨ੍ਹਾਂ ਆਖਿਆ ਕਿ ਇਸ ਹਾਦਸੇ ਨੇ ਜਿਨ੍ਹਾਂ ਦੀਆਂ ਜ਼ਿੰਦਗੀਆਂ ਬਦਲੀਆਂ ਉਨ੍ਹਾਂ ਨਾਲ ਉਹ ਆਪਣਾ ਦੁੱਖ ਸਾਂਝਾ ਕਰਨਾ ਚਾਹੁੰਦੇ ਹਨ। ਇਸ ਨੇ ਸਾਰੀ ਸਿਟੀ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਜਿਹੜਾ ਦਰਦ ਉਹ ਹੰਢਾਅ ਰਹੇ ਹਨ ਅਸੀਂ ਵੀ ਉਸੇ ਦਰਦ ਵਿੱਚੋਂ ਲੰਘ ਰਹੇ ਹਾਂ। ਐਮਰਜੰਸੀ ਅਮਲੇ ਨੇ ਦੱਸਿਆ ਕਿ ਉਹ ਸੋਮਵਾਰ ਸਵੇਰੇ ਮੌਕੇ ਉੱਤੇ ਪਹੁੰਚ ਗਏ ਸਨ ਤੇ ਇੱਥੇ ਆ ਕੇ ਉਨ੍ਹਾਂ ਨੂੰ ਪਤਾ ਲੱਗਿਆ ਕਿ ਅੱਗ ਲੱਗਣ ਤੋਂ ਬਾਅਦ ਓਲਿਵ ਐਵਨਿਊ ਦੇ ਨਾਲ ਲੱਗਦੀ ਥਾਂ ਖਾਲੀ ਕਰਵਾ ਲਈ ਗਈ। ਦਰਹਾਮ ਰੀਜਨਲ ਪੁਲਿਸ ਅਨੁਸਾਰ ਸਟਰੀਟ ਉੱਤੇ ਸੱਤ ਯੂਨਿਟਸ ਨੁਕਸਾਨੀਆ ਗਈਆਂ।

ਕਲਾਰਕ ਨੇ ਆਖਿਆ ਕਿ ਅਜੇ ਤੱਕ ਇਸ ਸਬੰਧ ਵਿੱਚ ਕੋਈ ਜਾਣਕਾਰੀ ਹਾਸਲ ਨਹੀਂ ਹੋਈ ਹੈ ਕਿ ਅੱਗ ਸ਼ੁਰੂ ਕਿਵੇਂ ਹੋਈ। ਪਰ ਉਨ੍ਹਾਂ ਆਖਿਆ ਕਿ ਬਿਲਡਿੰਗ ਵਿੱਚ ਕਈ ਖਾਮੀਆਂ ਸਨ। ਉਨ੍ਹਾਂ ਦੱਸਿਆ ਕਿ ਮਾਰੇ ਗਏ ਲੋਕਾਂ ਤੋਂ ਇਲਾਵਾ ਅਮਲੇ ਨੇ ਮਲਬੇ ਵਿੱਚੋਂ ਪੰਜ ਅਜਿਹੇ ਵਿਅਕਤੀਆਂ ਨੂੰ ਵੀ ਕੱਢਿਆ ਜਿਹੜੇ ਜ਼ਖ਼ਮੀ ਸਨ ਤੇ ਉਨ੍ਹਾਂ ਨੂੰ ਹਸਪਤਾਲ ਪਹੁੰਚਾਇਆ ਗਿਆ।ਦਰਹਾਮ ਪੁਲਿਸ ਦੇ ਕਾਰਜਕਾਰੀ ਸਾਰਜੈਂਟ ਜਾਰਜ ਟੂਡੋਸ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪੁਲਿਸ ਨੂੰ ਇਸ ਘਟਨਾ ਨਾਲ ਸਬੰਧਤ ਸੂਹ ਮਿਲਣ ਤੋਂ ਬਾਅਦ ਮੰਗਲਵਾਰ ਨੂੰ ਮੇਜਰ ਕ੍ਰਾਈਮ ਯੂਨਿਟ ਵੱਲੋਂ ਰਸਮੀ ਤੌਰ ਉੱਤੇ ਜਾਂਚ ਲਾਂਚ ਕੀਤੀ ਗਈ।

## ਕੈਨੇਡੀਅਨ ਸਕੂਲਾਂ ਵਿੱਚ ਫਿਜ਼ੀਕਲ ਡਿਸਟੈਂਸਿੰਗ ਗਾਈਡਲਾਈਨਜ਼ ਵਿੱਚ ਨਹੀਂ ਕੀਤੀ ਗਈ ਕੋਈ ਤਬਦੀਲੀ



ਓਟਵਾ, 22 ਮਾਰਚ (ਪੋਸਟ ਬਿਊਰੋ) : ਪਬਲਿਕ ਹੈਲਥ ਏਜੰਸੀ ਆਫ ਕੈਨੇਡਾ (ਪੀਐਚਏਸੀ) ਵੱਲੋਂ ਅਮਰੀਕੀ ਸਿਹਤ ਅਧਿਕਾਰੀਆਂ ਦੇ ਨਕਸ਼ੇ ਕਦਮ ਉੱਤੇ ਨਹੀਂ ਚੱਲਿਆ ਜਾ ਰਿਹਾ। ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਨੇ ਸਪਸ਼ਟ ਕਰ ਦਿੱਤਾ ਹੈ ਕਿ 2021 ਦੀ ਬਸੰਤ ਦੀ ਸ਼ੁਰੂਆਤ ਤੱਕ ਕਲਾਸਾਂ ਵਿੱਚ ਵਿਦਿਆਰਥੀਆਂ ਦਰਮਿਆਨ ਮਿਥੇ ਗਏ ਫਾਸਲੇ ਵਿੱਚ ਕਿਸੇ ਕਿਸਮ ਦੀਆਂ ਤਬਦੀਲੀਆਂ ਹਾਲ ਦੀ ਘੜੀ ਨਹੀਂ ਕੀਤੀਆਂ ਜਾਣਗੀਆਂ। ਬਸੰਤ ਵਿੱਚ ਹੀ ਏਜੰਸੀ ਕੋਵਿਡ-19 ਕੇਸਾਂ ਦੇ ਟਰਾਂਸਮਿਸ਼ਨ ਤੇ ਐਪਿਡੇਮੋਲੋਜੀ ਡਾਟਾ ਦੇ ਆਧਾਰ ਉੱਤੇ ਹੀ ਕਿੰਡਰਗਾਰਟਨ ਤੋਂ 12ਵੀਂ ਕਲਾਸ ਤੱਕ ਗਾਈਡਲਾਈਨਜ਼ ਵਿੱਚ ਕੋਈ ਤਬਦੀਲੀ ਕਰੇਗੀ।

ਪੀਐਚਏਸੀ ਨੇ ਦੱਸਿਆ ਕਿ ਭਾਵੇਂ ਉਸ ਵੱਲੋਂ ਆਪਣੇ ਕੌਮਾਂਤਰੀ ਭਾਈਵਾਲਾਂ ਨਾਲ ਰਾਬਤਾ ਰੱਖਿਆ ਜਾ ਰਿਹਾ ਹੈ ਪਰ ਕੋਵਿਡ-19 ਐਪਿਡੇਮੋਲੋਜੀ ਹਰ ਜਿਊਰਿਸਡਿਕਸ਼ਨ ਦੀ ਵੱਖੋ ਵੱਖਰੀ ਹੈ।ਸੈਂਟਰ ਫੌਰ ਡਜ਼ੀਜ਼ ਕੰਟਰੋਲ ਐਂਡ ਪ੍ਰਿਵੈਨਸ਼ਨ ਵੱਲੋਂ ਮਾਸਕ ਪਾਉਣ ਵਾਲੇ ਵਿਦਿਆਰਥੀਆਂ ਦਰਮਿਆਨ ਦੂਰੀ ਨੂੰ ਛੇ ਫੁੱਟ ਤੋਂ ਘਟਾ ਕੇ ਤਿੰਨ ਫੁੱਟ ਕੀਤੇ ਜਾਣ ਦੇ ਬਾਵਜੂਦ ਏਜੰਸੀ ਨੇ ਇਹ ਵੀ ਸਪਸ਼ਟ ਕਰ ਦਿੱਤਾ ਹੈ ਕਿ ਕੈਨੇਡਾ ਵਿੱਚ ਹਾਲ ਦੀ ਘੜੀ ਇਹ ਨਿਯਮ ਲਾਗੂ ਨਹੀਂ ਕੀਤਾ ਜਾਵੇਗਾ।

ਜ਼ਿਕਰਯੋਗ ਹੈ ਕਿ ਪੀਐਚਏਸੀ ਨੇ ਇਹ ਸਲਾਹ ਦਿੱਤੀ ਸੀ ਕਿ ਜਦੋਂ ਸੰਭਵ ਹੋਵੇ ਤਾਂ ਮਾਸਕ ਪਾਉਣ ਵਾਲੇ ਵਿਦਿਆਰਥੀ ਦੋ ਮੀਟਰ ਦੀ ਦੂਰੀ ਬਣਾ ਕੇ ਵੀ ਰਹਿ ਸਕਦੇ ਹਨ। ਕਈ ਪ੍ਰੋਵਿੰਸਾਂ ਨਿਜੀ ਪਹੁੰਚ ਵੀ ਅਪਣਾ ਰਹੀਆਂ ਹਨ।ਪੀਐਚਏਸੀ ਦੇ ਬਿਆਨ ਵਿੱਚ ਇਹ ਵੀ ਆਖਿਆ ਗਿਆ ਹੈ ਕਿ ਕੈਨੇਡਾ ਭਰ ਵਿੱਚ ਵੇਰੀਐਂਟਸ ਆਫ ਕਨਸਰਨ ਦੀ ਵੱਧ ਰਹੀ ਤਾਦਾਦ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਫਿਜ਼ੀਕਲ ਡਿਸਟੈਂਸਿੰਗ ਦੇ ਨਾਲ ਨਾਲ ਕੈਨੇਡੀਅਨਾਂ ਨੂੰ ਹੋਰਨਾਂ ਅਹਿਤਿਆਤਾਂ ਦਾ ਵੀ ਪਾਲਣ ਕਰਨਾ ਚਾਹੀਦਾ ਹੈ।

## ਫੇਜ਼-2 ਵਿੱਚ ਓਨਟਾਰੀਓ ਦੇ ਰੈਸਟੋਰੈਂਟ ਵਰਕਰਜ਼ ਦਾ ਵੀ ਹੋਵੇਗਾ ਟੀਕਾਕਰਣ



ਟੋਰਾਂਟੋ, 22 ਮਾਰਚ (ਪੋਸਟ ਬਿਊਰੋ) : ਓਨਟਾਰੀਓ ਦੇ ਅਧਿਕਾਰੀਆਂ ਵੱਲੋਂ ਸੋਮਵਾਰ ਨੂੰ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਪ੍ਰੋਵਿੰਸ ਦੇ ਕੋਵਿਡ-19 ਸਬੰਧੀ ਦੂਜੇ ਫੇਜ਼ ਵਿੱਚ ਰੈਸਟੋਰੈਂਟ ਵਰਕਰਜ਼ ਦਾ ਟੀਕਾਕਰਣ ਹੋਵੇਗਾ। ਇਸ ਤੋਂ ਪਹਿਲਾਂ ਅਜਿਹਾ ਕੋਈ ਪ੍ਰਬੰਧ ਨਹੀਂ ਸੀ ਰੱਖਿਆ ਗਿਆ।

ਪਹਿਲਾਂ ਓਨਟਾਰੀਓ ਦੇ ਵੈਕਸੀਨ ਵੰਡ ਪਲੈਨ ਵਿੱਚ ਫੂਡ ਤੇ ਬੈਵਰੇਜ ਇੰਡਸਟਰੀ ਦੇ ਮੈਂਬਰਾਂ ਨੂੰ ਸ਼ਾਮਲ ਨਹੀਂ ਸੀ ਕੀਤਾ ਗਿਆ ਤੇ ਸਰਕਾਰ ਇਸ ਦਾ ਖੁਲਾਸਾ ਵੀ ਨਹੀਂ ਸੀ ਕਰ ਰਹੀ ਕਿ ਇਨ੍ਹਾਂ ਮੈਂਬਰਾਂ ਦਾ ਟੀਕਾਕਰਣ ਕਦੋਂ ਕੀਤਾ ਜਾਵੇਗਾ। ਪਰ ਇਨ੍ਹਾਂ ਵਰਕਰਜ਼ ਦੀ ਪੈਰਵੀ ਕਰਨ ਵਾਲਿਆਂ ਵੱਲੋਂ ਵਾਰੀ ਵਾਰੀ ਦਬਾਅ ਪਾਏ ਜਾਣ ਉੱਤੇ ਆਖਿਰਕਾਰ ਸਰਕਾਰ ਵੱਲੋਂ ਉਨ੍ਹਾਂ ਲੋਕਾਂ ਦੀ ਲਿਸਟ ਜਾਰੀ ਕੀਤੀ ਗਈ ਜਿਨ੍ਹਾਂ ਨੂੰ ਇਸ ਸ਼ੌਟ ਲਈ ਪਹਿਲ ਦੇ ਆਧਾਰ ਉੱਤੇ ਟੀਕੇ ਲਾਏ ਜਾਣਗੇ।

ਸਰਕਾਰ ਵੱਲੋਂ 5 ਮਾਰਚ ਨੂੰ ਜਾਰੀ ਕੀਤੀ ਆਪਣੇ ਫੇਜ਼ 2 ਦੀ ਤਰਜੀਹੀ ਲਿਸਟ ਦੀ ਵੰਡ ਦੋ ਤਰਜੀਹੀ ਗਰੁੱਪਜ਼ ਵਜੋਂ ਕੀਤੀ ਗਈ ਹੈ। ਪਹਿਲੀ ਲਿਸਟ ਵਿੱਚ ਅਧਿਆਪਕ, ਚਾਈਲਡ ਕੇਅਰ ਵਰਕਰਜ਼, ਫੂਡ ਉਤਪਾਦਨ ਜਾਂ ਖੇਤੀਬਾੜੀ ਨਾਲ ਜੁੜੇ ਵਰਕਰਜ਼ ਨੂੰ ਸ਼ਾਮਲ ਕੀਤਾ ਗਿਆ ਹੈ। ਦੂਜੀ ਲਿਸਟ ਵਿੱਚ ਹਾਈ ਰਿਸਕ ਤੇ ਰੀਟੇਲ ਵਰਕਰਜ਼-ਜਿਵੇਂ ਗਰੌਸਰੀ ਸਟੋਰ ਤੇ ਫਾਰਮੇਸੀਜ਼ ਵਿੱਚ ਕੰਮ ਕਰਨ ਵਾਲੇ ਵਰਕਰਜ਼ ਦੇ ਨਾਲ ਨਾਲ ਫਾਇਨਾਂਸ਼ੀਅਲ ਸੇਵਾਵਾਂ ਨਾਲ ਸਬੰਧਤ ਲੋਅਰ ਰਿਸਕ ਵਰਕਰਜ਼ ਨੂੰ ਸ਼ਾਮਲ ਕੀਤਾ ਗਿਆ ਹੈ।

ਪਹਿਲਾਂ ਪ੍ਰਾਪਤ ਜਾਣਕਾਰੀ ਅਨੁਸਾਰ ਫੂਡ ਤੇ ਬੈਵਰੇਜਿਜ਼ ਇੰਡਸਟਰੀ ਦੇ ਵਰਕਰਜ਼ ਨੂੰ ਇਸ ਫੇਜ਼-2 ਵਿੱਚ ਕੋਈ ਥਾਂ ਨਹੀਂ ਸੀ ਦਿੱਤੀ ਗਈ ਪਰ ਸੋਮਵਾਰ ਨੂੰ ਤਿੰਨ ਸਰਕਾਰੀ ਅਧਿਕਾਰੀਆਂ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਇਨ੍ਹਾਂ ਵਰਕਰਜ਼ ਨੂੰ ਵੀ ਇਸੇ ਫੇਜ਼ ਵਿੱਚ ਸ਼ਾਮਲ ਕੀਤਾ ਗਿਆ ਹੈ।ਇਸ ਦੀ ਪੁਸ਼ਟੀ ਸਿਹਤ ਮੰਤਰਾਲੇ, ਪ੍ਰੀਮੀਅਰ ਦੇ ਆਫਿਸ ਤੇ ਪ੍ਰੋਵਿੰਸ ਦੇ ਸਾਲੀਸਿਟਰ ਜਨਰਲ ਵੱਲੋਂ ਕੀਤੀ ਗਈ।

## ਡਾਊਨਟਾਊਨ ਟੋਰਾਂਟੋ ਵਿੱਚ ਆਪਣਾ ਪਹਿਲਾ ਸਟੋਰ ਖੋਲ੍ਹੇਗੀ ਆਈਕੀਆ

ਟੋਰਾਂਟੋ, 25 ਮਾਰਚ (ਪੋਸਟ ਬਿਊਰੋ) : ਸਵੀਡਿਸ਼ ਮੀਟਬਾਲਜ਼ ਤੇ ਕਿਫਾਇਤੀ ਫਰਨੀਚਰ ਟੋਰਾਂਟੋ ਆ ਰਿਹਾ ਹੈ।




ਆਈਕੀਆ ਵੱਲੋਂ ਆਪਣਾ ਪਹਿਲਾ ਡਾਊਨਟਾਊਨ ਟੋਰਾਂਟੋ ਸਟੋਰ 382 ਯੰਗ ਸਟਰੀਟ ਉੱਤੇ ਸਥਿਤ ਔਰਾ ਬਿਲਡਿੰਗ ਵਿੱਚ ਸਥਿਤ ਹੋਵੇਗਾ। ਸਵੀਡਿਸ਼ ਫਰਨੀਚਰ ਦੇ ਰੀਟੇਲਰ ਨੇ ਦੱਸਿਆ ਕਿ 132,070 ਸਕੁਏਅਰ ਫੁੱਟ ਵਿੱਚ ਫੈਲਿਆ ਇਹ ਸਟੋਰ ਦੋ ਮੰਜ਼ਿਲਾ ਹੋਵੇਗਾ। ਇਸ ਸਟੋਰ ਵਿੱਚ ਆਈਕੀਆ ਦੀਆਂ 2000 ਵਸਤਾਂ ਵਿੱਕਰੀ ਲਈ ਤਿਆਰ ਹੋਣਗੀਆਂ ਤੇ ਉਨ੍ਹਾਂ ਨੂੰ ਫੌਰੀ ਲਿਜਾਇਆ ਜਾ ਸਕੇਗਾ। ਇਸ ਦੇ ਨਾਲ ਹੀ ਵੱਡਾ ਫਰਨੀਚਰ ਵੀ ਡਿਸਪਲੇਅ ਕੀਤਾ ਹੋਵੇਗਾ ਤੇ ਆਰਡਰ ਦੇਣ ਉਪਰੰਤ ਉਸ ਦੀ ਡਲਿਵਰੀ ਘਰ ਜਾ ਕੇ ਕੀਤੀ ਜਾਵੇਗੀ।

ਆਈਕੀਆ ਕੈਨੇਡਾ ਦਾ ਇਹ ਵੀ ਕਹਿਣਾ ਹੈ ਕਿ ਇਸ ਦੌਰਾਨ ਵਿਲੱਖਣ ਕਿਸਮ ਦਾ ਨਵਾਂ ਫੂਡ ਕਾਂਸੈਪਟ ਵੀ ਪੇਸ਼ ਕੀਤਾ ਜਾਵੇਗਾ ਤੇ ਸ਼ਾਪਿੰਗ ਦੇ ਤਜਰਬੇ ਨੂੰ ਯਾਦਗਾਰੀ ਬਣਾਉਣ ਦੇ ਵੀ ਪ੍ਰਬੰਧ ਹੋਣਗੇ। ਇੱਥੇ ਕੋਈ ਵੀ ਸੈਲਫ ਸਰਵ ਫਰਨੀਚਰ ਉਪਲਬਧ ਨਹੀਂ ਹੋਵੇਗਾ। ਇਹ ਨਵਾਂ ਡਾਊਨਟਾਊਨ ਆਈਕੀਆ ਸਟੋਰ ਗ੍ਰੇਟਰ ਟੋਰਾਂਟੋ ਏਰੀਆ ਵਿੱਚ ਕੰਪਨੀ ਦਾ ਪੰਜਵਾਂ ਸਟੋਰ ਹੈ। ਅਜੇ ਤੱਕ ਇਸ ਸਟੋਰ ਦੀ ਓਪਨਿੰਗ ਲਈ ਕੋਈ ਤਰੀਕ ਨਿਰਧਾਰਤ ਨਹੀਂ ਕੀਤੀ ਗਈ ਹੈ।

## ਚੋਰਾਂ ਨੇ ਗਰੌਸਰੀ ਸਟੋਰ ਵਿੱਚੋਂ ਏਟੀਐਮ ਹੀ ਕਰ ਲਿਆ ਚੋਰੀ




ਮਿਸੀਸਾਗਾ, 25 ਮਾਰਚ (ਪੋਸਟ ਬਿਊਰੋ): ਰਾਤ ਸਮੇਂ ਮਿਸੀਸਾਗਾ ਦੇ ਇੱਕ ਗਰੌਸਰੀ ਸਟੋਰ ਵਿੱਚੋਂ ਏਟੀਐਮ ਚੋਰੀ ਕੀਤੇ ਜਾਣ ਦੇ ਮਾਮਲੇ ਦੀ ਪੀਲ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਵੀਰਵਾਰ ਨੂੰ ਸਵੇਰੇ 4:00 ਵਜੇ ਪੁਲਿਸ ਨੂੰ ਇਹ ਰਿਪੋਰਟ ਮਿਲੀ ਕਿ ਐਰਿਨ ਮਿੱਲਜ਼ ਪਾਰਕਵੇਅ ਤੇ ਸ਼ੈਰੀਡਨ ਪਾਰਕ ਡਰਾਈਵ ਇਲਾਕੇ ਵਿੱਚ ਸਥਿਕ ਮੈਟਰੋ ਗਰੌਸਰੀ ਸਟੋਰ ਵਿੱਚੋਂ ਏਟੀਐਮ ਚੋਰੀ ਹੋ ਗਿਆ। ਪੁਲਿਸ ਨੇ ਸ਼ੁਰੂਆਤ ਵਿੱਚ ਆਖਿਆ ਕਿ ਇੱਕ ਲਾਲ ਤੇ ਚਿੱਟੇ ਰੰਗ ਦੇ ਪਿੱਕਅੱਪ ਟਰੱਕ ਨੂੰ ਸਟੋਰ ਵਿੱਚ ਲਿਜਾਇਆ ਗਿਆ ਤੇ ਤਿੰਨ ਮਸ਼ਕੂਕਾਂ ਨੇ ਏਟੀਐਮ ਚੋਰੀ ਕਰ ਲਿਆ।

ਬਾਅਦ ਵਿੱਚ ਪੁਲਿਸ ਨੇ ਦੱਸਿਆ ਕਿ ਗੱਡੀ ਨੂੰ ਸਟੋਰ ਦੇ ਅੰਦਰ ਨਹੀਂ ਲਿਜਾਇਆ ਗਿਆ ਤੇ ਮਸ਼ਕੂਕਾਂ ਨੇ ਆਪ ਅੰਦਰ ਜਾ ਕੇ ਏਟੀਐਮ ਮਸ਼ੀਨ ਚੋਰੀ ਕੀਤੀ। ਕਿਸੇ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ। ਅਜੇ ਤੱਕ ਮਸ਼ਕੂਕਾਂ ਬਾਰੇ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ।

## ਓਸ਼ਾਵਾ ਦੇ ਘਰ ਵਿੱਚ ਅੱਗ ਲੱਗੀ ਨਹੀਂ ਲਾਈ ਗਈ ਸੀ?

ਦਰਹਾਮ, 25 ਮਾਰਚ (ਪੋਸਟ ਬਿਊਰੋ) : ਦਰਹਾਮ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਸੋਮਵਾਰ ਨੂੰ ਘਰਾਂ ਵਿੱਚ ਲੱਗੀ ਘਾਤਕ ਅੱਗ ਦਾ ਕਾਰਨ ਹੋਰ ਕੁੱਝ ਨਹੀਂ ਅਗਜ਼ਨੀ ਸੀ। ਇਸ ਘਟਨਾ ਵਿੱਚ ਦੋ ਬਾਲਗਾਂ ਸਮੇਤ ਦੋ ਬੱਚੇ ਵੀ ਮਾਰੇ ਗਏ।

ਕਾਰਜਕਾਰੀ ਸਾਰਜੈਂਟ ਜਾਰਜ ਟੂਡੋਸ ਨੇ ਇਸ ਮਾਮਲੇ ਵਿੱਚ ਬੁੱਧਵਾਰ ਨੂੰ ਅਪਡੇਟ ਮੁਹੱਈਆ ਕਰਵਾਈ।ਬੀਤੀ ਰਾਤ ਉਨ੍ਹਾਂ ਦੋ ਬੱਚਿਆਂ ਦੀਆਂ ਲਾਸ਼ਾਂ ਵੀ ਮਲਬੇ ਵਿੱਚੋਂ ਮਿਲ ਗਈਆਂ ਜਿਹੜੇ ਲਾਪਤਾ ਸਨ। ਟੂਡੋਸ ਨੇ ਦੱਸਿਆ ਕਿ ਦੋਵੇਂ ਬੱਚੇ ਸਿਬਲਿੰਗ ਸਨ ਜਦਕਿ ਦੋ ਹੋਰ ਲਾਸ਼ਾਂ ਜਿਹੜੀਆਂ ਇੱਥੋਂ ਮਿਲੀਆਂ ਸਨ ਉਹ ਦੋ ਬਾਲਗ ਪੁਰਸ਼ਾਂ ਦੀਆਂ ਸਨ, ਜਿਨ੍ਹਾਂ ਦਾ ਪਰਿਵਾਰ ਨਾਲ ਕੋਈ ਸਬੰਧ ਨਹੀਂ ਸੀ।

ਉਨ੍ਹਾਂ ਦੱਸਿਆ ਕਿ ਬੱਚੇ ਉਸ ਘਰ ਵਿੱਚ ਹੀ ਰਹਿੰਦੇ ਸਨ। ਉਨ੍ਹਾਂ ਦੱਸਿਆ ਕਿ ਪੰਜ ਵਿਅਕਤੀਆਂ ਨੂੰ ਘਰ ਵਿੱਚੋਂ ਬਚਾਅ ਲਿਆ ਗਿਆ ਸੀ ਤੇ ਹਸਪਤਾਲ ਲਿਜਾਇਆ ਗਿਆ ਸੀ ਪਰ ਚਾਰ ਹੋਰ ਲਾਪਤਾ ਸਨ। ਪਰ ਹੁਣ ਇਨ੍ਹਾਂ ਚਾਰਾਂ ਦੀਆਂ ਲਾਸ਼ਾਂ ਮਿਲ ਚੁੱਕੀਆਂ ਹਨ।ਮੇਜਰ ਕ੍ਰਾਈਮ ਯੂਨਿਟ ਵੱਲੋਂ ਅਗਜ਼ਨੀ ਦਾ ਖਦਸ਼ਾ ਨਜ਼ਰ ਆਉਣ ਤੋਂ ਬਾਅਦ ਵੱਡੀ ਪੱਧਰ ਉੱਤੇ ਰਸਮੀ ਜਾਂਚ ਸ਼ੁਰੂ ਕਰ ਦਿੱਤੀ ਗਈ ਸੀ। ਟੂਡੋਸ ਨੇ ਆਖਿਆ ਕਿ ਪੁਲਿਸ ਵੱਲੋਂ ਅੱਜ ਵੀ ਜਾਂਚ ਜਾਰੀ ਰੱਖੀ ਜਾਵੇਗੀ ਤੇ ਮੌਕੇ ਤੋਂ ਸਬੂਤ ਇੱਕਠੇ ਕੀਤੇ ਜਾਣਗੇ।

# ਸੁਪਰੀਮ ਕੋਰਟ ਨੇ ਫੈਡਰਲ ਕਾਰਬਨ ਪ੍ਰਾਈਸ ਨੂੰ ਦੱਸਿਆ ਸੰਵਿਧਾਨਕ

ਓਟਵਾ, 25 ਮਾਰਚ (ਪੋਸਟ ਬਿਊਰੋ) : ਸੁਪਰੀਮ ਕੋਰਟ ਆਫ ਕੈਨੇਡਾ ਦਾ ਕਹਿਣਾ ਹੈ ਕਿ ਫੈਡਰਲ ਕਾਰਬਨ ਪ੍ਰਾਈਸ ਪੂਰੀ ਤਰ੍ਹਾਂ ਸੰਵਿਧਾਨਕ ਹੈ। ਇਸ ਫੈਸਲੇ ਵਿੱਚੋਂ ਲਿਬਰਲਾਂ ਦੇ ਕਲਾਈਮੇਟ ਚੇਂਜ ਪਲੈਨ ਦੀ ਹੀ ਝਲਕ ਹੈ। ਇਸ ਪਲੈਨ ਤਹਿਤ ਸਰਕਾਰ ਦਾ ਅਗਲੇ ਦਹਾਕੇ ਤੱਕ ਕੈਨੇਡਾ ਤੋਂ ਇੱਕ ਤਿਹਾਈ ਰਿਸਾਅ ਨੂੰ ਖਤਮ ਕਰਨ ਦਾ ਟੀਚਾ ਹੈ।ਚੀਫ ਜਸਟਿਸ ਰਿਚਰਡ ਵੈਗਨਰ ਨੇ ਲਿਖਤੀ ਫੈਸਲੇ ਵਿੱਚ ਆਖਿਆ ਕਿ ਕਲਾਈਮੇਟ ਚੇਂਜ ਸੱਚਮੁੱਚ ਦਾ ਖਤਰਾ ਹੈ ਤੇ ਉਨ੍ਹਾਂ ਇਹ ਵੀ ਆਖਿਆ ਕਿ ਸਬੂਤਾਂ ਤੋਂ ਸਿੱਧ ਹੁੰਦਾ ਹੈ ਕਿ ਪ੍ਰਦੂਸ਼ਣ ਉੱਤੇ ਟੈਕਸ ਲਾਉਣਾ ਇਸ ਸਮੱਸਿਆ ਤੋਂ ਬਚਣ ਦਾ ਵਧੀਆ ਹੱਲ ਹੈ। ਉਨ੍ਹਾਂ ਆਖਿਆ ਕਿ ਇਹ ਚੁਣੌਤੀ ਸਿਰਫ ਦੇਸ਼ ਲਈ ਹੀ ਨਹੀਂ ਸਗੋਂ ਦੁਨੀਆ ਲਈ ਵੱਡਾ ਖਤਰਾ ਹੈ।



ਵੈਗਨਰ ਨੇ ਆਖਿਆ ਕਿ ਕੈਨੇਡਾ ਵੱਲੋਂ ਇਹ ਆਖਿਆ ਜਾਣਾ ਅਤਿਕਥਨੀ ਨਹੀਂ ਹੈ ਕਿ ਇਹ ਮੁੱਦਾ ਕੌਮੀ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਇਹ ਵੀ ਲਿਖਿਆ ਕਿ ਮਨੁੱਖਤਾ ਦੇ ਭਵਿੱਖ ਨੂੰ ਦਰਪੇਸ਼ ਚੁਣੌਤੀ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਸ ਉਪਰੰਤ ਐਨਵਾਇਰਮੈਂਟ ਮੰਤਰੀ ਜੋਨਾਥਨ ਵਿਲਕਿਨਸਨ ਨੇ ਇੱਕ ਬਿਆਨ ਜਾਰੀ ਕਰਕੇ ਇਸ ਨੂੰ ਅਜਿਹੇ ਕਈ ਮਿਲੀਅਨ ਕੈਨੇਡੀਅਨਾਂ ਦੀ ਜਿੱਤ ਦੱਸਿਆ ਜਿਹੜੇ ਮੰਨਦੇ ਹਨ ਕਿ ਸਾਨੂੰ ਅਜਿਹੇ ਅਰਥਚਾਰੇ ਦਾ ਨਿਰਮਾਣ ਕਰਨਾ ਚਾਹੀਦਾ ਹੈ ਜਿਹੜਾ ਕਲਾਈਮੇਟ ਚੇਂਜ ਨਾਲ ਲੜ ਸਕੇ।

ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਇਸ ਫੈਸਲੇ ਨਾਲ ਕਲਾਈਮੇਟ ਐਕਸ਼ਨ ਨਾਲ ਅਦਾਲਤ ਵਿੱਚ ਜੂਝ ਰਹੇ ਕੰਜ਼ਰਵੇਟਿਵ ਸਿਆਸਤਦਾਨਾਂ ਦੀਆਂ ਕੋਸ਼ਿਸ਼ਾਂ ਖ਼ਤਮ ਹੋ ਜਾਣਗੀਆਂ ਤੇ ਕੀ ਉਹ ਵੀ ਕਲਾਈਮੇਟ ਚੇਂਜ ਨਾਲ ਸੰਘਰਸ਼ ਕਰ ਰਹੇ ਕੈਨੇਡੀਅਨਾਂ ਦਾ ਸਾਥ ਦੇਣਗੇ।

## ਯੌਰਕਵਿੱਲ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਦੇ ਸਬੰਧ ਵਿੱਚ 14 ਸਾਲਾ ਲੜਕਾ ਗ੍ਰਿਫਤਾਰ

ਟੋਰਾਂਟੋ, 25 ਮਾਰਚ (ਪੋਸਟ ਬਿਊਰੋ) : ਯੌਰਕਵਿੱਲ ਵਿੱਚ 15 ਸਾਲਾ ਲੜਕੇ ਉੱਤੇ ਚਾਕੂ ਨਾਲ ਹਮਲਾ ਕਰਕੇ ਉਸ ਨੂੰ ਜ਼ਖ਼ਮੀ ਕਰਨ ਵਾਲੇ 14 ਸਾਲਾ ਲੜਕੇ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਬਲੂਅਰ ਸਟਰੀਟ ਵੈਸਟ ਤੇ ਐਵਨਿਊ ਰੋਡ ਏਰੀਆ ਵਿੱਚ ਵਾਪਰੀ ਇਸ ਛੁਰੇਬਾਜ਼ੀ ਦੀ ਘਟਨਾ ਬਾਰੇ ਪੁਲਿਸ ਅਧਿਕਾਰੀਆਂ ਨੂੰ ਬੁੱਧਵਾਰ ਨੂੰ ਦੁਪਹਿਰੇ 3:30 ਉੱਤੇ ਪਤਾ ਲੱਗਿਆ।ਪੁਲਿਸ ਨੇ ਦੱਸਿਆ ਕਿ ਇੱਕ ਲੜਕੇ ਦੇ ਧੜ ਤੇ ਲੱਤ ਉੱਤੇ ਚਾਕੂ ਨਾਲ ਵਾਰ ਕੀਤੇ ਗਏ ਸਨ ਉਸ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।



ਵੀਰਾਵਰ ਨੂੰ ਜਾਂਚਕਾਰਾਂ ਨੇ 14 ਸਾਲਾ ਲੜਕੇ ਨੂੰ ਗ੍ਰਿਫਤਾਰ ਕਰ ਲਿਆ। ਉਸ ਉੱਤੇ ਹਥਿਆਰ ਨਾਲ ਹਮਲਾ ਕਰਨ ਤੇ ਹਥਿਆਰਾਂ ਨਾਲ ਹੀ ਸਬੰਧਤ ਤਿੰਨ ਹੋਰ ਚਾਰਜਿਜ਼ ਲਾਏ ਗਏ। ਉਸ ਨੂੰ 2 ਜੂਨ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਕਾਂਸਟੇਬਲ ਲੌਰਾ ਬ੍ਰੈਬੰਤ ਨੇ ਆਖਿਆ ਕਿ ਅਜੇ ਤੱਕ ਇਹ ਸਪਸ਼ਟ ਨਹੀਂ ਹੈ ਕਿ ਦੋਵੇਂ ਵਿਅਕਤੀ ਇੱਕ ਦੂਜੇ ਨੂੰ ਜਾਣਦੇ ਸਨ ਜਾਂ ਨਹੀਂ ਇਸ ਬਾਰੇ ਅਜੇ ਸਪਸ਼ਟ ਨਹੀਂ ਹੋ ਸਕਿਆ। ਯੂਥ ਜਸਟਿਸ ਐਕਟ ਤਹਿਤ ਗ੍ਰਿਫਤਾਰ ਕੀਤੇ ਗਏ ਨਾਬਾਲਿਗ ਲੜਕੇ ਦੇ ਨਾਂ ਦਾ ਖੁਲਾਸਾ ਨਹੀਂ ਕੀਤਾ ਗਿਆ।

KANG TAX & FINANCIAL SERVICES
Carte WEALTH MANAGEMENT INC.
› TAX E-FILING - PERSONAL & CORPORATION**
› LIFE, CRITICAL & DISABILITY INSURANCE***
› RRSP/TFSA/RESP/RDSP & OPEN ACCOUNTS*
› VISITOR INSURANCE***

Sukhwinder Kang
M.Sc (Math), CFP
Certified Financial Planner
Off: 416-741-4877
Dir:416-271-4877
Email: skang@kangtax.ca
FREE For New Immigrants
TAX Filing $40 +Tax
$10 OFF Coupon only for New Clients One per family
* Mutual funds provided by Carte Wealth Management Inc.
** Tax planning and filings provided by Kang Tax & Financial Services
***Insurance sold through Carte Risk Management Inc., Financial Horizon and Aaxel Insurance.
Suite #105-2645 Islington Ave.
Etobicoke, ON M9V 2X6
Website: www.kangtax.com
Email: sukhwinder.kang@cartewm.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਕੋਲੋਰਾਡੋ ਦੀ ਸੁਪਰਮਾਰਕਿਟ ਵਿਚ ਚੱਲੀਆਂ ਗੋਲੀਆਂ, 10 ਹਲਾਕ

ਬੋਲਡਰ,ਕੋਲੋਰਾਡੋ, 25 ਮਾਰਚ (ਪੋਸਟ ਬਿਊਰੋ) : ਸੋਮਵਾਰ ਨੂੰ ਕੋਲੋਰਾਡੋ ਦੀ ਸੁਪਰਮਾਰਕਿਟ ਵਿੱਚ ਇੱਕ ਵਿਅਕਤੀ ਵੱਲੋਂ ਅੰਨ੍ਹੇਵਾਹ ਗੋਲੀਆਂ ਚਲਾਏ ਜਾਣ ਕਾਰਨ 10 ਵਿਅਕਤੀਆਂ ਦੀ ਮੌਤ ਹੋ ਗਈ। ਮਾਰੇ ਗਏ ਲੋਕਾਂ ਵਿੱਚ ਇੱਕ ਪੁਲਿਸ ਅਧਿਕਾਰੀ ਵੀ ਸ਼ਾਮਲ ਸੀ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ।



ਪੁਲਿਸ ਵੱਲੋਂ ਮਸ਼ਕੂਕ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਪਰ ਸ਼ਾਮ ਸਮੇਂ ਕੀਤੀ ਗਈ ਨਿਊਜ਼ ਕਾਨਫਰੰਸ ਵਿੱਚ ਉਸ ਦੇ ਨਾਂ ਜਾਂ ਉਸ ਨਾਲ ਸਬੰਧਤ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ। ਕਾਨਫਰੰਸ ਨੂੰ ਸੰਬੋਧਨ ਕਰਦਿਆਂ ਬੋਲਡਰ ਪੁਲਿਸ ਚੀਫ ਮੈਰਿਸ ਹੈਰੋਲਡ ਦਾ ਗੱਚ ਭਰ ਆਇਆ ਤੇ ਉਨ੍ਹਾਂ ਮਸ੍ਹਾਂ ਹੀ ਆਪਣੇ ਹੰਝੂਆਂ ਉੱਤੇ ਕੰਟਰੋਲ ਕੀਤਾ। ਜਾਂਚਕਾਰਾਂ ਵੱਲੋਂ ਬੋਲਡਰ ਦੇ ਕਿੰਗ ਸੂਪਰਜ਼ ਸਟੋਰ ਵਿੱਚ ਵਾਪਰੇ ਇਸ ਗੋਲੀਕਾਂਡ ਪਿਛਲੇ ਮੰਤਵ ਦਾ ਪਤਾ ਨਹੀਂ ਲਾਇਆ ਜਾ ਸਕਿਆ ਹੈ ਪਰ ਪੁਲਿਸ ਤੇ ਜਾਂਚਕਾਰ ਸਬੂਤਾਂ ਦੀ ਪੁਣਛਾਣ ਤੇ ਚਸ਼ਮਦੀਦਾਂ ਤੋਂ ਪੁੱਛਗਿੱਛ ਕਰ ਰਹੇ ਹਨ।

ਇਸ ਘਟਨਾ ਵਿੱਚ ਮਾਰੇ ਗਏ ਪੁਲਿਸ ਅਧਿਕਾਰੀ ਦਾ ਨਾਂ ਐਰਿਕ ਟੈਰੀ ਸੀ ਤੇ ਉਹ 51 ਸਾਲਾਂ ਦਾ ਸੀ। ਉਹ 2010 ਤੋਂ ਬੋਲਡਰ ਪੁਲਿਸ ਨਾਲ ਕੰਮ ਕਰ ਰਿਹਾ ਸੀ। ਸੱਭ ਤੋਂ ਪਹਿਲਾਂ ਉਸ ਨੂੰ ਹੀ ਇਹ ਰਿਪੋਰਟ ਮਿਲੀ ਸੀ ਕਿ ਸਟੋਰ ਵਿੱਚ ਗੋਲੀ ਚੱਲੀ ਹੈ ਤੇ ਕੋਈ ਰਾਈਫਲ ਲੈ ਕੇ ਘੁੰਮ ਰਿਹਾ ਹੈ। ਇਸ ਘਟਨਾ ਵਿੱਚ ਮਾਰੇ ਗਏ ਨੌਂ ਹੋਰ ਲੋਕਾਂ ਦੀ ਪਛਾਣ ਵੀ ਅਜੇ ਜ਼ਾਹਿਰ ਨਹੀਂ ਕੀਤੀ ਗਈ ਹੈ ਕਿਉਂਕਿ ਪੁਲਿਸ ਅਜੇ ਸਾਰਿਆਂ ਦੇ ਪਰਿਵਾਰ ਵਾਲਿਆਂ ਨੂੰ ਇਸ ਬਾਰੇ ਜਾਣੂ ਕਰਵਾ ਰਹੀ ਹੈ।

ਇਸ ਤੋਂ ਪਹਿਲਾਂ ਪ੍ਰਾਪਤ ਜਾਣਕਾਰੀ ਅਨੁਸਾਰ ਬੋਲਡਰ ਵਿੱਚ ਸਟੋਰ ਤੋਂ ਬਾਹਰ ਆਏ ਇੱਕ ਵਿਅਕਤੀ ਡੀਨ ਸ਼ਿਲਰ ਨੇ ਦੱਸਿਆ ਕਿ ਉਸ ਨੇ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਸੁਣੀਆਂ ਤੇ ਉਸ ਨੂੰ ਤਿੰਨ ਵਿਅਕਤੀ ਜ਼ਮੀਨ ਉੱਤੇ ਮੂਧੇ ਪਏ ਨਜ਼ਰ ਆਏ, ਇਨ੍ਹਾਂ ਵਿੱਚੋਂ ਦੋ ਪਾਰਕਿੰਗ ਲੌਟ ਵਿੱਚ ਸਨ ਤੇ ਇੱਕ ਦਰਵਾਜ਼ੇ ਕੋਲ ਪਿਆ ਸੀ। ਉਸ ਨੇ ਦੱਸਿਆ ਕਿ ਉਹ ਇਹ ਨਹੀਂ ਦੱਸ ਸਕਦਾ ਕਿ ਉਹ ਸਾਹ ਲੈ ਰਹੇ ਸਨ ਜਾਂ ਨਹੀਂ। ਯੂ ਟਿਊਬ ਉੱਤੇ ਪੋਸਟ ਕੀਤੀ ਗਈ ਵੀਡੀਓ ਵਿੱਚ ਇੱਕ ਵਿਅਕਤੀ ਸਟੋਰ ਦੇ ਅੰਦਰ ਜ਼ਮੀਨ ਉੱਤੇ ਪਿਆ ਹੈ ਤੇ ਦੋ ਹੋਰ ਸਟੋਰ ਤੋਂ ਬਾਹਰ ਜ਼ਮੀਨ ਉੱਤੇ ਪਏ ਹਨ ਪਰ ਇਸ ਵੀਡੀਓ ਤੋਂ ਉਨ੍ਹਾਂ ਦੇ ਜ਼ਖ਼ਮਾਂ ਦੀ ਸਥਿਤੀ ਦਾ ਜਾਇਜ਼ਾ ਨਹੀਂ ਲਾਇਆ ਜਾ ਸਕਦਾ। ਵੀਡੀਓ ਦੇ ਸ਼ੁਰੂ ਵਿੱਚ ਦੋ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਵੀ ਸੁਣਾਈ ਦਿੱਤੀਆਂ ।

ਪੁਲਿਸ ਵੱਲੋਂ ਕਿਸੇ ਦੇ ਜ਼ਖ਼ਮੀ ਹੋਣ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਪਰ ਨਿਊਜ਼ ਕਾਨਫਰੰਸ ਜ਼ਰੂਰ ਰੱਖੀ ਗਈ। ਪੁਲਿਸ ਅਧਿਕਾਰੀ ਇੱਕ ਵਿਅਕਤੀ, ਜਿਸ ਨੇ ਸ਼ਰਟ ਨਹੀਂ ਪਾਈ ਹੋਈ, ਨੂੰ ਹੱਥਕੜੀ ਲਾ ਕੇ ਸਟੋਰ ਤੋਂ ਬਾਹਰ ਲਿਆਉਂਦੇ ਨਜ਼ਰ ਆਏ ਤੇ ਇਸ ਦੌਰਾਨ ਉੱਥੇ ਐਂਬੂਲੈਂਸ ਵੀ ਨਜ਼ਰ ਆਈ। ਬੋਲਡਰ ਕਮਿਊਨਿਟੀ ਹੈਲਥ ਦੇ ਬੁਲਾਰੇ ਰਿੱਚ ਸ਼ੀਹਾਨ ਨੂੰ ਫੁੱਟਹਿੱਲਜ਼ ਹਸਪਤਾਲ ਲਿਜਾਇਆ ਗਿਆ। ਸ਼ੀਹਾਨ ਨੇ ਆਖਿਆ ਕਿ ਉਹ ਹੋਰ ਵੇਰਵੇ ਜਾਰੀ ਨਹੀਂ ਕਰ ਸਕਦੇ ਪਰ ਉਨ੍ਹਾਂ ਨੂੰ ਇਹ ਦੱਸਿਆ ਗਿਆ ਹੈ ਕਿ ਕੋਈ ਹੋਰ ਵਿਅਕਤੀ ਜ਼ਖ਼ਮੀ ਨਹੀਂ ਹੋਇਆ।

ਇਸ ਦੌਰਾਨ ਕਿੰਗ ਸੂਪਰਜ਼ ਗਰੌਸਰੀ ਸਟੋਰ ਦੇ ਬਾਹਰ ਪੁਲਿਸ ਦੀਆਂ ਗੱਡੀਆਂ ਤੇ ਅਧਿਕਾਰੀ ਵੱਡੀ ਮਾਤਰਾ ਵਿੱਚ ਮੌਜੂਦ ਸਨ, ਸਵੈਟ ਟੀਮਾਂ ਵੀ ਉੱਥੇ ਨਜ਼ਰ ਆ ਰਹੀਆਂ ਸਨ। ਤਿੰਨ ਹੈਲੀਕਾਪਟਰ ਸਟੋਰ ਦੀ ਛੱਤ ਉੱਤੇ ਸਨ।

## ਕੋਲੋਰਾਡੋ ਸ਼ੂਟਿੰਗ ਤੋਂ 6 ਦਿਨ ਪਹਿਲਾਂ ਹੀ ਖਰੀਦਿਆ ਸੀ ਹਮਲਾਵਰ ਨੇ ਹਥਿਆਰ

ਬੋਲਡਰ, ਕੋਲੋਰਾਡੋ, 25 ਮਾਰਚ (ਪੋਸਟ ਬਿਊਰੋ) : ਕੋਲੋਰਾਡੋ ਦੀ ਸੁਪਰਮਾਰਕਿਟ ਵਿੱਚ ਲੋਕਾਂ ਉੱਤੇ ਗੋਲੀਆਂ ਚਲਾਉਣ ਵਾਲਾ ਮਸ਼ਕੂਕ ਸਿਰਫ 21 ਸਾਲਾਂ ਦਾ ਲੜਕਾ ਸੀ, ਜਿਸ ਨੇ ਇਸ ਹਮਲੇ ਤੋਂ ਛੇ ਦਿਨ ਪਹਿਲਾਂ ਹੀ ਅਸਾਲਟ ਵੈਪਨ ਖਰੀਦੇ ਸਨ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ।

ਜ਼ਿਕਰਯੋਗ ਹੈ ਕਿ 21 ਸਾਲਾ ਅਹਿਮਦ ਅਲੀ ਅਲੀਵੀ ਅਲੀਸਾ ਨੇ 16 ਮਾਰਚ ਨੂੰ ਹਥਿਆਰ ਖਰੀਦਿਆ ਤੇ ਇਸ ਤੋਂ ਠੀਕ ਛੇ ਦਿਨ ਬਾਅਦ ਬੋਲਡਰ ਵਿੱਚ ਕਿੰਗ ਸੂਪਰਜ਼ ਸਟੋਰ ਉੱਤੇ ਹਮਲਾ ਕਰ ਦਿੱਤਾ। ਇਸ ਹਮਲੇ ਵਿੱਚ ਇੱਕ ਪੁਲਿਸ ਅਧਿਕਾਰੀ ਸਮੇਤ 10 ਵਿਅਕਤੀ ਮਾਰੇ ਗਏ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਇਹ ਗੰਨ ਕਿੱਥੋਂ ਖਰੀਦੀ ਗਈ ਸੀ। ਅਲੀਸਾ ਅਰਵਾਡਾ ਦੇ ਡੈਨਵਰ ਸਬਅਰਬ ਤੋਂ ਹੈ। ਇਸ ਸਮੇਂ ਉਸ ਨੂੰ ਕਤਲ ਦੇ ਦੋਸ਼ਾਂ ਹੇਠ ਕਾਊਂਟੀ ਦੀ ਜੇਲ੍ਹ ਵਿੱਚ ਬੰਦ ਕੀਤਾ ਗਿਆ ਹੈ। ਇੱਥੇ ਬੰਦ ਕਰਨ ਤੋਂ ਪਹਿਲਾਂ ਉਸ ਦਾ ਇਲਾਜ ਵੀ ਕਰਵਾਇਆ ਗਿਆ। ਉਸ ਨੂੰ ਪਹਿਲੀ ਵਾਰੀ ਵੀਰਵਾਰ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਜਾਵੇਗਾ।

ਹਾਲਾਂਕਿ ਜਾਂਚਕਾਰ ਇਸ ਹਮਲੇ ਪਿਛਲਾ ਕਾਰਨ ਤਾਂ ਨਹੀਂ ਪਤਾ ਲਾ ਸਕੇ ਹਨ ਪਰ ਉਨ੍ਹਾਂ ਦਾ ਮੰਨਣਾ ਹੈ ਕਿ ਅਲੀਸਾ ਹੀ ਅਜਿਹਾ ਬੰਦੂਕਧਾਰੀ ਸੀ। ਇੱਕ ਪੁਲਿਸ ਅਧਿਕਾਰੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਸ਼ਕੂਕ ਦੇ ਪਰਿਵਾਰ ਵੱਲੋਂ ਜਾਂਚਕਾਰਾਂ ਨੂੰ ਦਿੱਤੀ ਗਈ ਜਾਣਕਾਰੀ ਵਿੱਚ ਦੱਸਿਆ ਗਿਆ ਕਿ ਅਲੀਸਾ ਕਿਸੇ ਤਰ੍ਹਾਂ ਦੀ ਮਾਨਸਿਕ ਬਿਮਾਰੀ ਤੋਂ ਪਰੇਸ਼ਾਨ ਹੈ ਤੇ ਉਸ ਨੂੰ ਭਰਮ ਵੀ ਪੈਂਦੇ ਹਨ। ਇਸ ਦੌਰਾਨ ਵਾਸ਼ਿੰਗਟਨ ਵਿੱਚ ਰਾਸ਼ਟਰਪਤੀ ਜੋਅ ਬਾਇਡਨ ਨੇ ਕਾਂਗਰਸ ਨੂੰ ਦੇਸ਼ ਦੇ ਗੰਨ ਲਾਅਜ਼ ਨੂੰ ਸਖ਼ਤ ਕਰਨ ਲਈ ਆਖਿਆ।

## ਹੈਮਿਲਟਨ ਦੇ ਘਰ ਵਿੱਚੋਂ ਮਿਲੀਆਂ ਦੋ ਲਾਸ਼ਾਂ

ਹੈਮਿਲਟਨ, 25 ਮਾਰਚ (ਪੋਸਟ ਬਿਊਰੋ) : ਬੁੱਧਵਾਰ ਨੂੰ ਹੈਮਿਲਟਨ ਦੇ ਰਿਹਾਇਸ਼ੀ ਇਲਾਕੇ ਵਿੱਚ ਇੱਕ ਘਰ ਵਿੱਚੋਂ ਦੋ ਵਿਅਕਤੀਆਂ ਦੀਆਂ ਲਾਸ਼ਾਂ ਮਿਲਣ ਤੋਂ ਬਾਅਦ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਪੁਲਿਸ ਅਧਿਕਾਰੀਆਂ ਨੂੰ ਦੁਪਹਿਰੇ 4:00 ਵਜੇ ਕਿੰਗ ਤੇ ਲੌਕ ਸਟਰੀਟ ਇਲਾਕੇ ਵਿੱਚ ਅਧਿਕਾਰੀਆਂ ਨੂੰ ਇੱਕ ਘਰ ਵਿੱਚ ਸੱਦਿਆ ਗਿਆ। ਜਦੋਂ ਪੁਲਿਸ ਮੌਕੇ ਉੱਤੇ ਪਹੁੰਚੀ ਤਾਂ ਉੱਥੇ ਦੋ ਵਿਅਕਤੀ ਮ੍ਰਿਤਕ ਪਾਏ ਗਏ। ਅਜੇ ਤੱਕ ਇਸ ਮਾਮਲੇ ਵਿੱਚ ਮੌਤ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ।

ਇਸ ਮਾਮਲੇ ਦੇ ਸਬੰਧ ਵਿੱਚ ਪੁਲਿਸ ਵੱਲੋਂ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ ਹਨ।

## ਮਿਸੀਸਾਗਾ ਵਿੱਚ ਮਿਲੀਆਂ ਮਨੁੱਖੀ ਅਸਥੀਆਂ, ਪੁਲਿਸ ਕਰ ਰਹੀ ਹੈ ਜਾਂਚ

ਮਿਸੀਸਾਗਾ, 25 ਮਾਰਚ (ਪੋਸਟ ਬਿਊਰੋ) : ਮਿਸੀਸਾਗਾ ਦੇ ਹਾਈਡਰੋ ਟਾਵਰਜ਼ ਨੇੜੇ ਮਨੁੱਖੀ ਅਸਥੀਆਂ ਮਿਲਣ ਤੋਂ ਬਾਅਦ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।




ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਮੰਗਲਵਾਰ ਸਵੇਰੇ 9:00 ਵਜੇ ਕਿਸੇ ਨੇ ਫੋਨ ਕਰਕੇ ਨਾਈਨਥ ਲਾਈਨ ਤੇ ਅਰਜਨਟੀਨਾ ਰੋਡ ਏਰੀਆ ਵਿੱਚ ਬੁਲਾਇਆ। ਫੋਨ ਕਰਨ ਵਾਲੇ ਨੇ ਹੀ ਇੱਥੇ ਮਨੁੱਖੀ ਅਸਥੀਆਂ ਵੇਖੀਆਂ ਸਨ। ਇਲਾਕੇ ਵਿੱਚ ਭਾਰੀ ਮਾਤਰਾ ਵਿੱਚ ਪੁਲਿਸ ਪਹੁੰਚੀ। ਪੁਲਿਸ ਨੇ ਹਾਲ ਦੀ ਘੜੀ ਹੋਰ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ।

## ਕੈਨੇਡਾ ਭਰ ਵਿੱਚ ਗੈਸ ਦੀਆਂ ਕੀਮਤਾਂ ਵਿੱਚ ਹੋਵੇਗਾ ਇਜਾਫਾ



ਟੋਰਾਂਟੋ, 25 ਮਾਰਚ (ਪੋਸਟ ਬਿਊਰੋ) : ਪਿਛਲੀ ਬਸੰਤ ਵਿੱਚ ਕਾਫੀ ਡਿੱਗਣ ਤੋਂ ਬਾਅਦ ਹੁਣ ਗੈਸੋਲੀਨ ਦੀਆਂ ਕੀਮਤਾਂ ਵਿੱਚ ਕਾਫੀ ਵਾਧਾ ਵੇਖਣ ਨੂੰ ਮਿਲ ਰਿਹਾ ਹੈ। ਗੈਸ ਦੀਆਂ ਕੀਮਤਾਂ ਮਹਾਂਮਾਰੀ ਤੋਂ ਪਹਿਲਾਂ ਵਾਲੇ ਪੱਧਰ ਉੱਤੇ ਪਹੁੰਚ ਰਹੀਆਂ ਹਨ।

ਹੁਣ ਗਰਮੀਆਂ ਵਿੱਚ ਜਦੋਂ ਡਰਾਈਵਿੰਗ ਦਾ ਸੀਜ਼ਨ ਸ਼ੁਰੂ ਹੋਵੇਗਾ ਤੇ ਅਰਥਚਾਰਾ ਵੀ ਮੁੜ ਲੀਹ ਉੱਤੇ ਆਉਣ ਲੱਗੇਗਾ ਤਾਂ ਅਜਿਹੇ ਵਿੱਚ ਗੈਸ ਦੀਆਂ ਕੀਮਤਾਂ ਤੋਂ ਕੁੱਝ ਸਮੇਂ ਲਈ ਮਿਲੀ ਆਰਜ਼ੀ ਰਾਹਤ ਵੀ ਮੁੱਕ ਸਕਦੀ ਹੈ। ਇਹ ਖੁਲਾਸਾ ਇੱਕ ਵਿਸ਼ਲੇਸ਼ਕ ਵੱਲੋਂ ਕੀਤਾ ਗਿਆ। ਯੂਰਪ ਵਿੱਚ ਕੋਵਿਡ-19 ਦੇ ਮਾਮਲਿਆਂ ਵਿੱਚ ਮੁੜ ਹੋ ਰਹੇ ਵਾਧੇ ਕਾਰਨ ਪਿਛਲੇ ਹਫਤੇ ਗੈਸ ਦੀਆਂ ਕੀਮਤਾਂ ਥੋੜ੍ਹੀਆਂ ਜਿਹੀਆਂ ਘੱਟ ਰਹੀਆਂ। ਪਰ 2021 ਦੇ ਸ਼ੁਰੂ ਹੋਣ ਤੋਂ ਲੈ ਕੇ ਤੇਲ ਦੀਆਂ ਕੀਮਤਾਂ ਵਿੱਚ ਹੌਲੀ ਹੌਲੀ ਹੀ ਸਹੀ ਪਰ ਮਾੜਾ ਮੋਟਾ ਇਜਾਫਾ ਹੋ ਹੀ ਰਿਹਾ ਹੈ। ਇਨ੍ਹਾਂ ਕੀਮਤਾਂ ਉੱਤੇ ਨਜ਼ਰ ਰੱਖਣ ਵਾਲੇ ਘਅਸਭੁਦਦੇ ਅਨੁਸਾਰ ਪਿਛਲੇ ਸਾਲ ਅਪਰੈਲ ਤੋਂ ਲੈ ਕੇ ਹੁਣ ਤੱਕ ਇਨ੍ਹਾਂ ਵਿੱਚ ਇਨ੍ਹਾਂ ਵਿੱਚ 60 ਫੀ ਸਦੀ ਵਾਧਾ ਦਰਜ ਕੀਤਾ ਜਾ ਚੁੱਕਿਆ ਹੈ। ਕੈਨੇਡਾ ਭਰ ਵਿੱਚ ਗੈਸ ਦੀ ਔਸਤ ਕੀਮਤ ਸੋਮਵਾਰ ਨੂੰ 1.24 ਡਾਲਰ ਪ੍ਰਤੀ ਲੀਟਰ ਰਹੀ। ਘਅਸਭੁਦਦੇ ਲਈ ਪੈਟਰੋਲੀਅਮ ਵਿਸ਼ਲੇਸ਼ਕ ਪੈਟ੍ਰਿਕ ਡੀ ਹਾਨ ਨੇ ਆਖਿਆ ਕਿ ਗੈਸ ਦੀਆਂ ਕੀਮਤਾਂ ਵਿੱਚ ਗਿਰਾਵਟ ਥੋੜ੍ਹੇ ਸਮੇਂ ਲਈ ਸੀ ਤੇ ਆਉਣ ਵਾਲੇ ਸਮੇਂ ਵਿੱਚ ਇਨ੍ਹਾਂ ਵਿੱਚ ਤੇਜ਼ੀ ਵੇਖਣ ਨੂੰ ਮਿਲੇਗੀ।

ਇੱਥੇ ਦੱਸਣਾ ਬਣਦਾ ਹੈ ਕਿ ਪ੍ਰੋਵਿੰਸ ਤੇ ਰੀਜਨ ਦੇ ਹਿਸਾਬ ਨਾਲ ਗੈਸ ਦੀਆਂ ਕੀਮਤਾਂ ਵਿੱਚ ਫਰਕ ਹੁੰਦਾ ਹੈ। ਪਰ ਇਸ ਸਮੇਂ ਸਾਰੇ ਕੈਨੇਡਾ ਵਿੱਚ ਹੀ ਕੀਮਤਾਂ ਹੌਲੀ ਹੌਲੀ ਵੱਧ ਰਹੀਆਂ ਹਨ। ਡਾ. ਹਾਨ ਨੇ ਆਖਿਆ ਕਿ ਗੈਸ ਦੀਆਂ ਕੀਮਤਾਂ ਵਿੱਚ ਇਜਾਫਾ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਹੋਣ ਕਾਰਨ ਹੋ ਰਿਹਾ ਹੈ ਤੇ ਮੰਗ ਵਧਣ ਨਾਲ ਵੀ ਇਨ੍ਹਾਂ ਵਿੱਚ ਹੋਰ ਵਾਧਾ ਹੋ ਸਕਦਾ ਹੈ।

## 19 ਅਪਰੈਲ ਨੂੰ ਬਜਟ ਪੇਸ਼ ਕਰੇਗੀ ਫੈਡਰਲ ਸਰਕਾਰ : ਫਰੀਲੈਂਡ

ਓਟਵਾ, 25 ਮਾਰਚ (ਪੋਸਟ ਬਿਊਰੋ) : ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਮੰਗਲਵਾਰ ਨੂੰ ਇਹ ਐਲਾਨ ਕੀਤਾ ਕਿ ਫੈਡਰਲ ਸਰਕਾਰ ਆਪਣਾ 2021 ਦਾ ਬਜਟ 19 ਅਪਰੈਲ ਨੂੰ ਪੇਸ਼ ਕਰੇਗੀ।

ਇਹ ਆਸ ਕੀਤੀ ਜਾ ਰਹੀ ਹੈ ਕਿ ਕੋਵਿਡ-19 ਮਹਾਂਮਾਰੀ ਕਾਰਨ ਹੋਏ ਲੋੜੋਂ ਵੱਧ ਖਰਚਿਆਂ ਦਾ ਫੈਡਰਲ ਸਰਕਾਰ ਹਿਸਾਬ ਦੇਵੇ ਤੇ ਵਧੀ ਬੇਰੋਜ਼ਗਾਰੀ ਬਾਰੇ ਵੀ ਤਫਸੀਲ ਨਾਲ ਦੱਸੇ। ਪ੍ਰਸ਼ਨ ਕਾਲ ਦੌਰਾਨ ਫਰੀਲੈਂਡ ਨੇ ਆਖਿਆ ਕਿ ਮਹਾਂਮਾਰੀ ਵਿੱਚ ਦਾਖਲ ਹੁੰਦੇ ਸਮੇਂ ਕੈਨੇਡਾ ਦੀ ਸਥਿਤੀ ਕਾਫੀ ਮਜ਼ਬੂਤ ਸੀ, ਜਿਸ ਕਾਰਨ॰ ਸਰਕਾਰ ਕੈਨੇਡੀਅਨਾਂ ਨੂੰ ਹਰ ਪੱਖੋਂ ਮਦਦ ਕਰ ਸਕੀ। ਕੈਨੇਡੀਅਨਾਂ ਤੇ ਕੈਨੇਡੀਅਨ ਕਾਰੋਬਾਰਾਂ ਦੀ ਮਦਦ ਲਈ ਸਾਡੇ ਕੋਲੋਂ ਜੋ ਬਣ ਸਕੇਗਾ ਅਸੀਂ ਕਰਾਂਗੇ। ਫਰੀਲੈਂਡ ਨੇ ਅੱਗੇ ਆਖਿਆ



ਕਿ ਸਾਡੇ ਕੋਲ ਨੌਕਰੀਆਂ ਲਈ ਤੇ ਵਿਕਾਸ ਲਈ ਪੂਰੀ ਯੋਜਨਾ ਹੈ।

2021 ਦਾ ਇਹ ਪਹਿਲਾ ਬਜਟ ਹੋਵੇਗਾ ਜਿਹੜਾ ਫੈਡਰਲ ਸਰਕਾਰ ਦੋ ਸਾਲਾਂ ਵਿੱਚ ਪਹਿਲੀ ਵਾਰੀ ਪੇਸ਼ ਕਰੇਗੀ। ਮਾਰਚ 2020 ਵਾਲਾ ਬਜਟ ਮਹਾਂਮਾਰੀ ਦੇ ਸ਼ੁਰੂ ਹੋਣ ਤੇ ਖਤਰਨਾਕ ਰੂਪ ਧਾਰਨ ਕਰਨ ਕਾਰਨ ਪੇਸ਼ ਹੀ ਨਹੀਂ ਸੀ ਕੀਤਾ ਗਿਆ। ਪਿਛਲੇ ਬਜਟ, ਜਿਸ ਨੂੰ 19 ਮਾਰਚ,2019 ਵਿੱਚ ਪੇਸ਼ ਕੀਤਾ ਗਿਆ ਸੀ, ਵਿੱਚ 2020-21 ਵਿੱਤੀ ਵਰ੍ਹੇ ਵਿੱਚ ਫੈਡਰਲ ਘਾਟਾ 19•7 ਬਿਲੀਅਨ ਡਾਲਰ ਰਹਿਣ ਦੀ ਪੇਸ਼ੀਨਿਗੋਈ ਕੀਤੀ ਗਈ ਸੀ। ਪਰ 2020 ਦੇ ਅੰਤ ਵਿੱਚ ਪੇਸ਼ ਕੀਤੀ ਗਈ ਆਰਥਿਕ ਅਪਡੇਟ ਵਿੱਚ ਸਾਲ 2020-21 ਵਿੱਚ ਵਿੱਤੀ ਘਾਟਾ ਵੱਧ ਕੇ 381•6 ਬਿਲੀਅਨ ਡਾਲਰ ਤੱਕ ਪਹੁੰਚ ਗਿਆ। ਅਜਿਹਾ ਮਹਾਂਮਾਰੀ ਦੌਰਾਨ ਫੈਡਰਲ ਸਰਕਾਰ ਵੱਲੋਂ ਕੀਤੇ ਗਏ ਸੈਂਕੜੇ ਬਿਲੀਅਨ ਡਾਲਰ ਦੇ ਖਰਚੇ ਕਾਰਨ ਹੋਇਆ।

ਸਾਬਕਾ ਵਿੱਤ ਮੰਤਰੀ ਬਿੱਲ ਮੌਰਨਿਊ ਵੱਲੋਂ 2020 ਵਿੱਚ ਦਿੱਤੇ ਗਏ ਅਸਤੀਫੇ ਤੋਂ ਬਾਅਦ ਫਰੀਲੈਂਡ ਦੀ ਦੇਖਰੇਖ ਵਿੱਚ ਪਹਿਲਾ ਬਜਟ ਪੇਸ਼ ਕੀਤਾ ਜਾਵੇਗਾ। ਇਸ ਦੌਰਾਨ ਸਰਕਾਰ ਆਰਥਿਕ ਸਥਿਰਤਾ ਲਿਆਉਣ ਲਈ ਆਪਣਾ ਪਲੈਨ ਸਾਂਝਾ ਕਰੇਗੀ।

## ਕੰਜ਼ਰਵੇਟਿਵਾਂ ਨੇ ਪਾਬੰਦੀਆਂ ਖ਼ਤਮ ਕਰਨ ਲਈ ਲਿਬਰਲਾਂ ਤੋਂ ਪਲੈਨ ਦੀ ਕੀਤੀ ਮੰਗ



ਓਟਵਾ, 25 ਮਾਰਚ (ਪੋਸਟ ਬਿਊਰੋ) : ਫੈਡਰਲ ਕੰਜ਼ਰਵੇਟਿਵਜ਼ ਤੇ ਪਾਰਟੀ ਆਗੂ ਐਰਿਨ ਓਟੂਲ ਵੱਲੋਂ ਹਾਊਸ ਆਫ ਕਾਮਨਜ਼ ਵਿੱਚ ਓਪੋਜ਼ਿਸ਼ਨ ਡੇਅ ਦੀ ਵਰਤੋਂ ਕਰਕੇ ਟਰੂਡੋ ਸਰਕਾਰ ਤੋਂ ਇਹ ਮੰਗ ਕੀਤੀ ਜਾ ਰਹੀ ਹੈ ਕਿ ਇਹ ਦੱਸਿਆ ਜਾਵੇ ਕਿ ਕੋਵਿਡ-19 ਲਾਕਡਾਊਨ ਕਦੋਂ ਖੋਲ੍ਹਿਆ ਜਾਵੇਗਾ।

ਓਟੂਲ ਵੱਲੋਂ ਇੱਕ ਮਤਾ ਪੇਸ਼ ਕਰਕੇ ਸਰਕਾਰ ਤੋਂ ਇਹ ਮੰਗ ਕੀਤੀ ਗਈ ਕਿ ਕੋਵਿਡ-19 ਸਬੰਧੀ ਪਾਬੰਦੀਆਂ ਜਦੋਂ ਖਤਮ ਹੋਣਗੀਆਂ ਉਸ ਸਬੰਧ ਵਿੱਚ ਖਰੜਾ ਤੇ ਸਮਾਂ ਸੀਮਾਂ ਸਪਸ਼ਟ ਕੀਤੀ ਜਾਵੇ। ਮੰਗਲਵਾਰ ਨੂੰ ਇੱਕ ਨਿਊਜ਼ ਕਾਨਫਰੰਸ ਵਿੱਚ ਓਟੂਲ ਨੇ ਆਖਿਆ ਕਿ ਅਮਰੀਕਾ ਤੇ ਯੂਕੇ ਨੇ ਆਪੋ ਆਪਣੀਆਂ ਯੋਜਨਾਵਾਂ ਪੇਸ਼ ਕਰ ਦਿੱਤੀਆਂ ਹਨ। ਪਰ ਜਸਟਿਨ ਟਰੂਡੋ ਨੇ ਕੈਨੇਡੀਅਨਾਂ ਨੂੰ ਇਹ ਸਪਸ਼ਟ ਤਸਵੀਰ ਵਿਖਾਉਣ ਤੋਂ ਇਨਕਾਰ ਕਰ ਦਿੱਤਾ ਹੈ ਕਿ ਰੈਗੂਲਰ ਤੇ ਸੋਸ਼ਲ ਲਾਈਫ ਕਦੋਂ ਤੇ ਕਿਵੇਂ ਸ਼ੁਰੂ ਹੋਵੇਗੀ ਤੇ ਇਸ ਲਈ ਕਿਹੋ ਜਿਹੇ ਹਾਲਾਤ ਹੋਣਗੇ। ਹਾਲਾਂਕਿ ਓਟੂਲ ਵੱਲੋਂ ਨੈਸ਼ਨਲ ਲਾਕਡਾਊ ਪਲੈਨ ਦੀ ਮੰਗ ਕੀਤੀ ਜਾ ਰਹੀ ਹੈ ਪਰ ਅਸਲ ਵਿੱਚ ਪਾਬੰਦੀਆਂ ਨੂੰ ਵਧਾਉਣਾ ਜਾਂ ਘਟਾਉਣਾ ਪ੍ਰੋਵਿੰਸ਼ੀਅਲ ਸਰਕਾਰ ਦੇ ਹੱਥ ਵਿੱਚ ਹੈ। ਓਟੂਲ ਨੇ ਆਖਿਆ ਕਿ ਲਾਕਡਾਊਨ ਹਟਾਉਣ ਤੇ ਕੈਨੇਡੀਅਨ ਤੇ ਅਮੈਰੀਕਨ ਸਰਹੱਦ ਨੂੰ ਮੁੜ ਖੋਲ੍ਹਣ ਲਈ ਤੇਜ਼ੀ ਨਾਲ ਟੈਸਟਿੰਗ ਹੀ ਅਸਲ ਪਲੈਨ ਹੈ।

## ਸੀਨੀਅਰਜ਼ ਤੇ ਅਪਾਹਜ ਲੋਕਾਂ ਨੂੰ ਵੈਕਸੀਨੇਟ ਕਰਵਾਉਣ ਲਈ ਫੋਰਡ ਸਰਕਾਰ ਕਰੇਗੀ 3.7 ਮਿਲੀਅਨ ਡਾਲਰ ਦਾ ਨਿਵੇਸ਼

ਓਨਟਾਰੀਓ, 25 ਮਾਰਚ (ਪੋਸਟ ਬਿਊਰੋ) : ਫੋਰਡ ਸਰਕਾਰ ਦਾ ਕਹਿਣਾ ਹੈ ਕਿ ਉਹ ਨਵੇਂ ਬਜਟ ਦੇ ਹਿੱਸੇ ਵਜੋਂ 3.7 ਮਿਲੀਅਨ ਡਾਲਰ ਸੀਨੀਅਰਜ਼ ਤੇ ਅਪਾਹਜ ਲੋਕਾਂ ਦੀ ਮਦਦ ਲਈ ਨਿਵੇਸ਼ ਕਰਨ ਜਾ ਰਹੀ ਹੈ। ਇਹ ਫੈਸਲਾ ਇਸ ਲਈ ਲਿਆ ਗਿਆ ਹੈ ਤਾਂ ਕਿ ਅਜਿਹੇ ਇਲਾਕਿਆਂ ਵਿੱਚ ਵੀ ਬਜ਼ੁਰਗਾਂ ਤੇ ਅਪਾਹਜ ਲੋਕਾਂ ਦੀ ਕੋਵਿਡ-19 ਵੈਕਸੀਨੇਸ਼ਨ ਹੋ ਸਕੇ ਜਿੱਥੇ ਟਰਾਂਸਪੋਰਟੇਸ਼ਨ ਵੱਡਾ ਅੜਿੱਕਾ ਹੈ।

ਪ੍ਰੀਮੀਅਰ ਡੱਗ ਫੋਰਡ ਵੱਲੋਂ ਇਹ ਟਿੱਪਣੀ ਟੋਰਾਂਟੋ ਵਿੱਚ ਸ਼ੌਰਲਕਲਿੱਫ ਪਾਰਕ ਦੇ ਮਾਸ ਵੈਕਸੀਨੇਸ਼ਨ ਸੈਂਟਰ, ਜਿਸ ਨੂੰ ਹੁਣੇ ਖੋਲ੍ਹਿਆ ਗਿਆ ਹੈ, ਤੋਂ ਕੀਤੀ ਗਈ। ਫੋਰਡ ਨੇ ਆਖਿਆ ਕਿ ਪ੍ਰੋਵਿੰਸ ਦੇ ਸੱਭ ਤੋਂ ਕਮਜ਼ੋਰ ਲੋਕਾਂ ਦੀ ਹਿਫਾਜ਼ਤ ਕਰਨਾ ਵੀ ਬਹੁਤ ਜ਼ਰੂਰੀ ਹੈ ਤੇ ਇਸੇ ਲਈ ਜਲਦ ਤੋਂ ਜਲਦ ਉਨ੍ਹਾਂ ਦਾ ਟੀਕਾਕਰਣ ਕਰਵਾਇਆ ਜਾਣਾ ਵੀ ਜ਼ਰੂਰੀ ਹੈ। ਫੋਰਡ ਨੇ ਅੱਗੇ ਆਖਿਆ ਕਿ ਆਪਣੇ 2021 ਦੇ ਬਜਟ ਵਿੱਚ ਅਸੀਂ ਲੋਕਾਂ ਨੂੰ ਵੈਕਸੀਨ ਵਾਲੀਆਂ ਥਾਂਵਾਂ ਉੱਤੇ ਭੇਜਣ ਜਾਂ ਉਨ੍ਹਾਂ ਤੱਕ ਵੈਕਸੀਨ ਪਹੁੰਚਾਉਣ ਲਈ ਫੰਡ ਮੁਹੱਈਆ ਕਰਵਾ ਰਹੇ ਹਾਂ।

ਇਸ ਮੌਕੇ ਵਿੱਤ ਮੰਤਰੀ ਪੀਟਰ ਬੈਥਲਨਫਾਲਵੇ ਨੇ ਆਖਿਆ ਕਿ ਆਮ ਵਰਗੇ ਹਾਲਾਤ ਮੁੜ ਪੈਦਾ ਕਰਨ ਲਈ ਸਾਡੇ ਹੈਲਥ ਕੇਅਰ ਵਰਕਰਜ਼



ਕਮਿਊਨਿਟੀ ਸੈਂਟਰਜ਼, ਡਾਕਟਰਾਂ ਦੇ ਆਫਿਸ, ਫਾਰਮੇਸੀਜ਼ ਤੇ ਪ੍ਰੋਵਿੰਸ ਭਰ ਦੇ ਹਸਪਤਾਲਾਂ ਵਿੱਚ ਵੈਕਸੀਨ ਲਾ ਰਹੇ ਹਨ। ਇਸ ਨਾਲ ਸਾਨੂੰ ਕਾਫੀ ਆਸ ਬੱਝੀ ਹੈ।

## ਪ੍ਰੋਵਿੰਸ ਦੇ ਹਸਪਤਾਲਾਂ ਦੀ ਮਦਦ ਲਈ ਫੋਰਡ ਸਰਕਾਰ ਨੇ ਐਲਾਨੇ 1.2 ਬਿਲੀਅਨ ਡਾਲਰ

ਟੋਰਾਂਟੋ, 25 ਮਾਰਚ (ਪੋਸਟ ਬਿਊਰੋ) : ਫੋਰਡ ਸਰਕਾਰ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਕੋਵਿਡ-19 ਮਹਾਂਮਾਰੀ ਦੌਰਾਨ ਪ੍ਰੋਵਿੰਸ ਦੇ ਹਸਪਤਾਲ ਨੂੰ ਜਿਹੜੀਆ ਵਿੱਤੀ ਚੁਣੌਤੀਆਂ ਨਾਲ ਸਿੱਝਣਾ ਪੈ ਰਿਹਾ ਹੈ ਉਨ੍ਹਾਂ ਦੌਰਾਨ ਮਦਦ ਲਈ ਓਨਟਾਰੀਓ ਸਰਕਾਰ ਵੱਲੋਂ 1.2 ਬਿਲੀਅਨ ਡਾਲਰ ਰਾਖਵੇਂ ਰੱਖੇ ਗਏ ਹਨ।


ਪ੍ਰੀਮੀਅਰ ਡੱਗ ਫੋਰਡ, ਓਨਟਾਰੀਓ ਦੇ ਵਿੱਤ ਮੰਤਰੀ ਤੇ ਖਜ਼ਾਨਾ ਬੋਰਡ ਦੇ ਪ੍ਰੈਜ਼ੀਡੈਂਟ ਪੀਟਰ ਬੈਥਲਨਫਾਲਵੇ ਨੇ ਸੋਮਵਾਰ ਦੁਪਹਿਰ ਨੂੰ ਸਕਾਰਬੌਰੋ ਵਿੱਚ ਇੱਕ ਨਿਊਜ਼ ਕਾਨਫਰੰਸ ਦੌਰਾਨ ਇਹ ਐਲਾਨ ਕੀਤਾ। ਫੋਰਡ ਨੇ ਜਾਰੀ ਕੀਤੇ ਇੱਕ ਲਿਖਤੀ ਬਿਆਨ ਵਿੱਚ ਆਖਿਆ ਕਿ ਇਸ ਮਹਾਂਮਾਰੀ ਦੌਰਾਨ ਸਾਡੇ ਬਿਮਾਰ ਤੇ ਕਮਜ਼ੋਰ ਲੋਕਾਂ ਦੀ ਸਾਂਭ ਸੰਭਾਲ ਕਰਨ ਵਿੱਚ ਹਸਪਤਾਲਾਂ ਨੇ ਬਿਹਤਰੀਨ ਕੰਮ ਕੀਤਾ। ਇੱਥੇ ਹੀ ਬੱਸ ਨਹੀਂ ਵੱਖ ਵੱਖ ਥਾਂਵਾਂ ਉੱਤੇ ਹੋਈਆਂ ਆਊਟਬ੍ਰੇਕਸ ਦਾ ਵੀ ਬਿਨਾਂ ਝਿਜਕ ਸਾਹਮਣਾ ਕੀਤਾ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਵਾਧੂ ਦੀ ਸਾਂਭ ਸੰਭਾਲ ਲਈ ਸਾਨੂੰ ਕਾਫੀ ਕੁੱਝ ਦਾਅ ਉੱਤੇ ਲਾਉਣਾ ਪਿਆ। ਇਸ ਲਈ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਸਾਨੂੰ ਆਪਣਾ ਹੱਥ ਅੱਗੇ ਵਧਾ ਕੇ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ ਜਿਨ੍ਹਾਂ ਨੇ ਔਖੀ ਘੜੀ ਵਿੱਚ ਸੱਭ ਦਾ ਸਾਥ ਦਿੱਤਾ। ਅਸੀਂ ਚਾਹੁੰਦੇ ਹਾਂ ਕਿ ਸਾਡੇ ਹਸਪਤਾਲ ਮਹਾਂਮਾਰੀ ਖਤਮ ਹੋਣ ਤੋਂ ਬਾਅਦ ਵੀ ਸਾਡੇ ਲੋਕਾਂ ਦੀ ਨਿੱਠ ਕੇ ਸੇਵਾ ਕਰਦੇ ਰਹਿਣ।

ਪ੍ਰੋਵਿੰਸ ਨੇ ਆਖਿਆ ਕਿ 697 ਮਿਲੀਅਨ ਡਾਲਰ ਯੋਗ ਪਬਲਿਕ ਹਸਪਤਾਲਾਂ ਲਈ ਫੰਡਾਂ ਦੀ ਘਾਟ ਦੂਰ ਕਰਨ ਵਾਸਤੇ ਖਰਚੇ ਜਾਣਗੇ ਜਦਕਿ 572.3 ਮਿਲੀਅਨ ਡਾਲਰ ਹੋਰ ਆਮਦਨ ਵਿੱਚ ਹੋਏ ਨੁਕਸਾਨ ਦੀ ਭਰਪਾਈ ਲਈ ਖਰਚੇ ਜਾਣਗੇ। ਇਹ ਐਲਾਨ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ 2021 ਦਾ ਬਜਟ ਜਾਰੀ ਕੀਤੇ ਜਾਣ ਤੋਂ ਦੋ ਦਿਨ ਪਹਿਲਾਂ ਕੀਤਾ ਗਿਆ।

## ਬਰੈਡਫੋਰਡ ਅਪਾਰਟਮੈਂਟ ਵਿੱਚ ਲੱਗੀ ਅੱਗ, 11 ਜ਼ਖ਼ਮੀ, 4 ਦੀ ਹਾਲਤ ਨਾਜ਼ੁਕ

ਬੈਰੀ, ਓਨਟਾਰੀਓ, 23 ਮਾਰਚ (ਪੋਸਟ ਬਿਊਰੋ) : ਸੋਮਵਾਰ ਦੁਪਹਿਰ ਨੂੰ ਬ੍ਰੈਡਫੋਰਡ ਵੈਸਟ ਗਵਿਲਿੰਬਰੀ ਵਿੱਚ ਇੱਕ ਰਿਹਾਇਸ਼ੀ ਬਿਲਡਿੰਗ ਵਿੱਚ ਅੱਗ ਲੱਗ ਜਾਣ ਕਾਰਨ ਗਿਆਰਾਂ ਵਿਅਕਤੀ ਜ਼ਖ਼ਮੀ ਹੋ ਗਏ ਜਦਕਿ ਚਾਰ ਦੀ ਹਾਲਤ ਕਾਫੀ ਨਾਜ਼ੁਕ ਦੱਸੀ ਜਾਂਦੀ ਹੈ।



ਸਿਮਕੋਅ ਰੋਡ ਦੇ ਨੇੜੇ ਹਾਲੈਂਡ ਸਟਰੀਟ ਵੈਸਟ ਟਾਵਰ ਦੀ ਪੰਜਵੀਂ ਮੰਜ਼ਿਲ ਤੋਂ ਭਾਰੀ ਮਾਤਰਾ ਵਿੱਚ ਧੂੰਆਂ ਨਿਕਲਦਾ ਨਜ਼ਰੀਂ ਪਿਆ। ਦੁਪਹਿਰੇ 2:00 ਵਜੇ ਫਾਇਰ ਅਮਲੇ ਨੇ ਮੌਕੇ ਉੱਤੇ ਪਹੁੰਚ ਕੇ ਕਈ ਬਾਲਕੋਨੀਆਂ ਵਿੱਚੋਂ ਲੋਕਾਂ ਨੂੰ ਬਾਹਰ ਕੱਢਿਆ। ਬ੍ਰੈਡਫੋਰਡ ਵੈਸਟ ਗਵਿਲਿੰਬਰੀ ਫਾਇਰ ਚੀਫ ਜਿੰਮ ਕੇਅ ਨੇ ਦੱਸਿਆ ਕਿ ਇਸ ਇਮਾਰਤ ਵਿੱਚ 84 ਯੂਨਿਟਸ ਹਨ ਤੇ ਉਨ੍ਹਾਂ ਵਿੱਚੋਂ 100 ਲੋਕਾਂ ਨੂੰ ਬਾਹਰ ਕੱਢਿਆ ਗਿਆ।

ਉਨ੍ਹਾਂ ਆਖਿਆ ਕਿ ਅੱਗ ਲੱਗਣ ਦੀ ਚੇਤਾਵਨੀ ਦੇਣ ਵਾਲਾ ਅਲਾਰਮ ਵੱਜਣ ਤੋਂ ਬਾਅਦ ਕਈ ਲੋਕ ਆਪ ਹੀ ਬਾਹਰ ਆ ਗਏ। ਉਨ੍ਹਾਂ ਆਖਿਆ ਕਿ ਅਜੇ ਵੀ ਕਈ ਲੋਕਾਂ ਦੇ ਪਾਲਤੂ ਜਾਨਵਰ ਬਿਲਡਿੰਗ ਵਿੱਚ ਹੀ ਫਸੇ ਹੋਏ ਹਨ ਤੇ ਅਸੀਂ ਉਨ੍ਹਾਂ ਨੂੰ ਵੀ ਬਾਹਰ ਕੱਢ ਕੇ ਉਨ੍ਹਾਂ ਦੇ ਮਾਲਕਾਂ ਨਾਲ ਮਿਲਾ ਰਹੇ ਹਾਂ। ਫਾਇਰ ਚੀਫ ਨੇ ਆਖਿਆ ਕਿ ਬਹੁਤਾ ਨੁਕਸਾਨ ਪੰਜਵੀਂ ਤੇ ਛੇਵੀਂ ਮੰਜ਼ਿਲ ਉੱਤੇ ਹੋਇਆ। ਉਨ੍ਹਾਂ ਦੱਸਿਆ ਕਿ ਕਈ ਕਿਰਾਏਦਾਰ ਵੀ ਕੁੱਝ ਸਮੇਂ ਲਈ ਬੇਘਰ ਹੋ ਗਏ।

ਅੱਗ ਲੱਗਣ ਤੋਂ ਕਾਫੀ ਸਮੇਂ ਬਾਅਦ ਫਾਇਰ ਅਮਲੇ ਵੱਲੋਂ ਹਰ ਮੰਜ਼ਿਲ ਉੱਤੇ ਜਾ ਕੇ ਹਵਾ ਤੇ ਮਿਆਰ ਦੀ ਜਾਂਚ ਕੀਤੀ ਗਈ। ਉਨ੍ਹਾਂ ਆਖਿਆ ਕਿ ਜਦੋਂ ਤੱਕ ਇਸ ਇਮਾਰਤ ਨੂੰ ਸੇਫ ਕਰਾਰ ਨਹੀਂ ਦੇ ਦਿੱਤਾ ਜਾਂਦਾ ਉਦੋਂ ਤੱਕ ਇਸ ਇਮਾਰਤ ਵਿੱਚ ਕਿਸੇ ਨੂੰ ਵੀ ਰਹਿਣ ਨਹੀਂ ਦਿੱਤਾ ਜਾਵੇਗਾ। ਬੇਘਰ ਹੋਏ ਕਿਰਾਏਦਾਰਾਂ ਲਈ ਦਾਨੂਬੇ ਸੀਨੀਅਰਜ਼ ਸੈਂਟਰ ਵਿੱਚ ਰਹਿਣ ਦਾ ਪ੍ਰਬੰਧ ਕੀਤਾ ਗਿਆ ਹੈ। ਅੱਗ ਲੱਗਣ ਦੇ ਕਾਰਨਾਂ ਦਾ ਪਤਾ ਲਾਉਣ ਲਈ ਓਨਟਾਰੀਓ ਫਾਇਰ ਮਾਰਸ਼ਲ ਦੇ ਆਫਿਸ ਨੂੰ ਮਾਮਲੇ ਦੀ ਜਾਂਚ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ।









## ਅੱਜ ਨਾਮਾ

ਭਾਜਪਾ ਆਗੂਆਂ ਦੀ ਭਾਜੜ ਅਜੇ ਜਾਰੀ,
ਹਰ ਥਾਂ ਲੈਂਦੇ ਕਿਸਾਨ ਕਈ ਘੇਰ ਮੀਆਂ।
ਮਿਲਦੇ ਮੀਡੀਏ ਨੂੰ ਜਾਂ ਮੀਟਿੰਗ ਲਾ ਲੈਂਦੇ,
ਕੀਤੀ ਕਦੀ ਕਿਰਸਾਨਾਂ ਨਹੀਂ ਦੇਰ ਮੀਆਂ।
ਪਹਿਲਾਂ ਬੜ੍ਹਕ ਕੇ ਜਦੋਂ ਕਿਸਾਨ ਵੇਖਣ,
ਪੱਤਰੇ ਵਾਚ ਜਾਂਦੇ ਈ ਵੱਡੇ ਸ਼ੇਰ ਮੀਆਂ।
ਮੀਡੀਆ ਪਿੱਛੋਂ ਇਹ ਪੁੱਛਦਾ ਰਹਿ ਜਾਂਦਾ,
ਪਰਤ ਕੇ ਆਉਗੇ ਕਦੋਂ ਬਈ ਫੇਰ ਮੀਆਂ।
ਫਿਰ ਵੀ ਆਖਦੇ ਆਊ ਜਦ ਚੋਣ ਅਗਲੀ,
ਹਲਕੇ ਸਾਰਿਆਂ ਲਈ ਲੜਨੀ ਚੋਣ ਮੀਆਂ।
ਜੀਹਨੂੰ ਪੁੱਛਦੇ ਚਾਹੀਦੀ ਟਿਕਟ ਕਿ ਨਹੀਂ,
ਅੱਗਿਓਂ ਲੱਗ ਜਾਂਦਾ ਉਹ ਹੀ ਰੋਣ ਮੀਆਂ।

**ਤੀਸ ਮਾਰ ਖਾਂ**

# ਦਿੱਲੀ ਨੂੰ ਪਾਣੀ ਦੀ ਸਪਲਾਈ ਬਾਰੇ ਜਿਉਂ ਦੀ ਤਿਉਂ ਸਥਿਤੀ ਰੱਖਣ ਦਾ ਆਦੇਸ਼

### * ਸੁਪਰੀਮ ਕੋਰਟ ਵੱਲੋਂ ਪੰਜਾਬ ਤੇ ਹਰਿਆਣਾ ਨੂੰ ਨੋਟਿਸ ਜਾਰੀ

ਨਵੀਂ ਦਿੱਲੀ, 25 ਮਾਰਚ, (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਦਿੱਲੀ ਨੂੰ ਯਮੁਨਾ ਦਰਿਆ ਤੋਂ ਹੁੰਦੀ ਪਾਣੀ ਦੀ ਸਪਲਾਈ ਬਾਰੇ ਸਭਨਾਂ ਸਬੰਧਤ ਧਿਰਾਂ ਨੂੰ ਜਿਉਂ ਦੀ ਤਿਉਂ ਸਥਿਤੀ ਬਣਾਈ ਰੱਖਣ ਦਾ ਆਦੇਸ਼ ਦਿੱਤਾ ਹੈ। ਕੋਰਟ ਨੇ ਢੁਕਵੀਂ ਜਲ ਸਪਲਾਈ ਯਕੀਨੀ ਬਣਾਉਣ ਲਈਦਿੱਲੀ ਜਲ ਬੋਰਡ ਦੀ ਪਟੀਸ਼ਨ ਉੱਤੇ ਪੰਜਾਬ, ਹਰਿਆਣਾ ਅਤੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐੱਮਬੀ) ਨੂੰ ਨੋਟਿਸ ਕੱਢ ਕੇ ਅਗਲੇ ਦਿਨ ਜਵਾਬ ਮੰਗਿਆ ਹੈ।



ਚੀਫ ਜਸਟਿਸ ਐੱਸ ਏ ਬੋਬਡੇ ਦੀ ਅਗਵਾਈ ਵਾਲੇ ਤਿੰਨ ਮੈਂਬਰੀ ਬੈਂਚ ਨੇ ਦਿੱਲੀ ਜਲ ਬੋਰਡ ਦੀ ਅਰਜ਼ੀ ਉੱਤੇ ਸੁਣਵਾਈ ਵੇਲੇਅੱਜ ਵੀਰਵਾਰ ਇਹ ਆਦੇਸ਼ ਜਾਰੀ ਕੀਤਾ। ਇਸ ਤੋਂ ਪਹਿਲਾਂ ਦਿੱਲੀ ਜਲ ਬੋਰਡ ਵੱਲੋਂਆਏ ਸੀਨੀਅਰ ਵਕੀਲ ਅਭਿਸ਼ੇਕ ਮਨੂੰ ਸਿੰਘਵੀ ਨੇ ਕਿਹਾ ਕਿ ਦਿੱਲੀਵਿੱਚ ਪਾਣੀ ਦਾ ਪੱਧਰ ਡਿੱਗ ਰਿਹਾ ਹੈ ਤੇਦੇਸ਼ ਦੀ ਰਾਜਧਾਨੀਵਿੱਚ ਪਾਣੀ ਦੀ ਕਮੀ ਹੈ। ਇਸ ਉੱਤੇ ਹਰਿਆਣਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਸ਼ਿਆਮ ਦੀਵਾਨ ਨੇ ਕਿਹਾ ਕਿ ਉਨ੍ਹਾਂ ਵੱਲੋਂਦਿੱਲੀ ਨੂੰ ਪੂਰਾ ਪਾਣੀ ਸਪਲਾਈ ਹੋ ਰਿਹਾ ਹੈ।ਦਿੱਲੀ ਜਲ ਬੋਰਡ ਵਲੋਂ ਪੇਸ਼ ਹੋ ਰਹੇ ਸੀਨੀਅਰ ਵਕੀਲ ਵਿਕਾਸ ਸਿੰਘ ਨੇ ਕਿਹਾ ਕਿ ਕੋਰਟ ਆਪਣਾ ਕਮਿਸ਼ਨਰ ਭੇਜ ਕੇ ਪਾਣੀ ਦੇ ਪੱਧਰ ਦਾ ਪਤਾ ਕਰ ਲਵੇ। ਸ਼ਿਆਮ ਦੀਵਾਨ ਨੇ ਇਸ ਦਾ ਵਿਰੋਧ ਕਰਦੇ ਹੋਏ ਕਿਹਾ ਕਿ ਇਸ ਕੇਸਵਿੱਚ ਕੋਰਟ ਕਮਿਸ਼ਨਰ ਨਿਯੁਕਤ ਕਰਨ ਦੀ ਮੰਗ ਕਰਦੀ ਕੋਈ ਅਰਜ਼ੀ ਹੀ ਪੇਸ਼ ਨਹੀਂ ਹੋਈ। ਇਨ੍ਹਾਂ ਦਲੀਲਾਂ ਉੱਤੇਅਦਾਲਤ ਨੇ ਕਿਹਾ ਕਿ ਇਹ ਪਾਣੀ ਦੇ ਮੁੱਢਲੇ ਅਧਿਕਾਰ ਦਾ ਕੇਸ ਹੈ ਅਤੇ ਕੋਰਟ ਤਕਨੀਕੀ ਗੱਲਾਂਵਿੱਚ ਨਹੀਂ ਪਵੇਗੀ ਕਿ ਬਿਨਾ ਅਰਜ਼ੀ ਦੇ ਕੋਰਟ ਕਮਿਸ਼ਨਰ ਨਿਯੁਕਤ ਕੀਤਾ ਜਾ ਸਕਦਾ ਹੈ ਜਾਂ ਨਹੀਂ, ਜੇ ਲੋੜ ਪਈ ਤਾਂ ਉਹ ਕੋਰਟ ਵੱਲੋਂ ਕਮਿਸ਼ਨਰ ਵੀ ਨਿਯੁਕਤ ਕਰ ਦੇਣਗੇ।

ਦਿੱਲੀ ਜਲ ਬੋਰਡ ਵਲੋਂ ਪੇਸ਼ ਹੋਏ ਵਕੀਲ ਗੌਤਮ ਨਾਰਾਇਣ ਨੇ ਕਿਹਾ ਕਿ ਨਹਿਰ ਦੀ ਮੁਰੰਮਤ ਦਾ ਕੰਮ ਹੋ ਰਿਹਾ ਹੈ। ਅਭਿਸ਼ੇਕ ਮਨੂੰ ਸਿੰਘਵੀ ਨੇ ਕਿਹਾ ਕਿ ਨਹਿਰ ਦੀ ਮੁਰੰਮਤ ਦਾ ਕੰਮ ਮਾਰਚ, ਅਪਰੈਲਵਿੱਚ ਨਹੀਂ ਸੀ ਹੋਣਾ ਚਾਹੀਦਾ, ਜਦੋਂ ਪਾਣੀ ਦੀ ਮੰਗ ਸਭ ਤੋਂ ਵੱਧ ਹੁੰਦੀ ਹੈ। ਉਨ੍ਹਾਂ ਕਿਹਾ ਕਿ ਦਿੱਲੀ ਨੇ ਪਿਛਲੇ ਮਹੀਨੇ ਕਈ ਪੱਤਰ ਹਰਿਆਣੇ ਨੂੰ ਲਿਖੇ ਸਨ, ਪਰ ਜਵਾਬ ਨਹੀਂ ਮਿਲਿਆ। ਸਿੰਘਵੀ ਨੇ ਕਿਹਾ ਕਿ ਦਿੱਲੀਵਿੱਚ ਦੋ ਕਰੋੜ ਸ਼ਹਿਰੀ ਆਬਾਦੀ ਹੈ, ਜਿੱਥੇ ਲੁਟੀਅਨਜ਼ਦਿੱਲੀਵੀ ਹੈ ਤੇ ਆਮ ਜਨਤਾ ਵੀ ਰਹਿੰਦੀ ਹੈ। ਜੱਜਾਂ ਨੇ ਦਲੀਲਾਂ ਸੁਣਨ ਪਿੱਛੋਂ ਕਿਹਾ ਕਿ ਉਹ ਇਸਕੇਸਵਿੱਚ ਨੋਟਿਸ ਜਾਰੀ ਕਰ ਰਹੇ ਹਨ ਤੇ ਅਗਲੇ ਦਿਨ ਹੀ ਇਸ ਦੀ ਮੁੜ ਸੁਣਵਾਈ ਕੀਤੀ ਜਾਵੇਗੀ।ਦਿੱਲੀ ਜਲ ਬੋਰਡ ਵੱਲੋਂਪੇਸ਼ ਨਵੀਂ ਅਰਜ਼ੀਵਿੱਚ ਬੀਬੀਐੱਮਬੀ ਵੱਲੋਂ ਨਹਿਰ ਦੀ ਮੁਰੰਮਤ ਕਰਾਉਣ ਕਾਰਨ ਦਿੱਲੀ ਨੂੰ ਪਾਣੀ ਸਪਲਾਈਵਿੱਚ 25 ਫ਼ੀਸਦੀ ਤਕ ਕਮੀ ਦਾ ਡਰ ਦੱਸਿਆ ਗਿਆ ਹੈ। ਨਹਿਰ ਦੀ ਮੁਰੰਮਤ ਵੀਰਵਾਰ ਤੋਂ ਸ਼ੁਰੂ ਹੋਣੀ ਸੀ ਤੇ ਕੋਰਟ ਤੋਂ ਆਦੇਸ਼ ਮੰਗਿਆ ਗਿਆ ਹੈ ਕਿ ਦਿੱਲੀਦੀਲੋੜ ਮੁਤਾਬਕ ਜਲ ਸਪਲਾਈ ਯਕੀਨੀ ਬਣਾਈ ਜਾਵੇ।

ਇਸ ਦੇ ਇਲਾਵਾ ਦਿੱਲੀ ਸਰਕਾਰ ਦੀ ਇਕ ਹੋਰ ਅਰਜ਼ੀ ਸੁਪਰੀਮ ਕੋਰਟਵਿੱਚ ਪੈਂਡਿੰਗ ਹੈ, ਜਿਸ ਵਿਚ ਦਿੱਲੀ ਨੇ ਹਰਿਆਣਾ ਤੋਂ ਆਉਂਦੇ ਪਾਣੀਵਿੱਚ ਕਮੀ ਦਾ ਦੋਸ਼ ਲਾ ਕੇ ਪਾਣੀ ਦੇ ਪੱਧਰਵਿੱਚ ਗਿਰਾਵਟ ਦੀ ਸ਼ਿਕਾਇਤ ਕੀਤੀ ਅਤੇ ਕਿਹਾ ਹੈ ਕਿ ਪਾਣੀ ਦੇ ਪੱਧਰਵਿੱਚ ਗਿਰਾਵਟ ਨਾਲ ਪਾਣੀਵਿੱਚ ਅਮੋਨੀਆ ਦੀ ਮਾਤਰਾ ਵਧ ਰਹੀ ਹੈ, ਜੋ ਸਿਹਤ ਦੇ ਲਈ ਨੁਕਸਾਨਦਾਇਕ ਹੈ। ਹਰਿਆਣਾ ਸਰਕਾਰਸ਼ੁਰੂ ਤੋਂ ਹੀ ਇਨ੍ਹਾਂ ਦੋਸ਼ਾਂ ਨੂੰ ਨਕਾਰ ਰਹੀ ਹੈ ਤੇ ਉਸ ਦਾ ਕਹਿਣਾ ਹੈ ਕਿ ਪੂਰਾ ਪਾਣੀ ਦਿੱਲੀ ਨੂੰ ਦਿੱਤਾ ਜਾ ਰਿਹਾ ਹੈ ਅਤੇ ਇਸ ਵਿੱਚ ਕੋਈ ਕਮੀ ਨਹੀਂ ਕੀਤੀ ਗਈ।

ਸੁਪਰੀਮ ਕੋਰਟ ਨੇ ਵੀਰਵਾਰ ਨੂੰ ਦਿੱਲੀ ਜਲ ਬੋਰਡ ਦੀ ਪਟੀਸ਼ਨ ਉੱਤੇ ਸੁਣਵਾਈ ਦੌਰਾਨ ਪੰਜਾਬ ਅਤੇ ਹਰਿਆਣਾ ਸਰਕਾਰਾਂ ਦੇ ਨਾਲ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨੂੰ ਹੁਕਮ ਦਿੱਤਾ ਕਿ ਜਿੰਨਾ ਪਾਣੀ ਦਿੱਲੀ ਨੂੰ ਹਰਿਆਣਾ ਪਹਿਲਾਂ ਦੇ ਰਿਹਾ ਸੀ, ਓਨਾ ਦੇਂਦਾ ਰਹੇਗਾ। ਕੋਰਟ ਵਿਚ ਦਿੱਲੀ ਸਰਕਾਰ ਨੇ ਹਰਿਆਣਾ ਸਰਕਾਰ ਉੱਤੇਪ੍ਰਦੂਸ਼ਤ ਤੇ ਘੱਟ ਪਾਣੀ ਦੇਣ ਦਾ ਦੋਸ਼ ਲਾਇਆ। ਹਰਿਆਣਾ ਸਰਕਾਰ ਨੇ ਕਿਹਾ ਕਿ ਅਸੀਂ ਦਿੱਲੀ ਨੂੰ ਲੋੜੀਂਦਾ ਪਾਣੀ ਦੇ ਰਹੇ ਹਾਂ। ਦਿੱਲੀ ਸਰਕਾਰ ਨੇ ਇਸ ਉੱਤੇਕਿਹਾ ਕਿ ਹਰਿਆਣਾ ਵੱਲੋਂ ਜੋ ਪਾਣੀ ਦਿੱਤਾ ਜਾਂਦਾ ਹੈ, ਉਸ ਵਿਚ ਅਮੋਨੀਆ ਦੀ ਮਾਤਰਾ ਵੱਧ ਹੈ।

# ਅਸਾਮ ਵਿੱਚ ਭਾਜਪਾ ਦੇ ਉਮੀਦਵਾਰ ਨੇ ਬੀਫ ਨੂੰ ਭਾਰਤ ਦਾ ਰਾਸ਼ਟਰੀ ਪਕਵਾਨ ਦੱਸਿਆ



ਦਿਸਪੁਰ, 25 ਮਾਰਚ, (ਪੋਸਟ ਬਿਊਰੋ)- ਅਸਾਮ ਵਿੱਚ ਵਿਧਾਨਸਭਾ ਚੋਣਾਂ ਦੇ ਪਹਿਲੇ ਪੜਾਅ ਦੀ ਵੋਟਿੰਗ 27 ਮਾਰਚ ਨੂੰ ਹੋਣ ਤੋਂ ਪਹਿਲਾਂ ਜਦੋਂ ਸਾਰੇ ਉਮੀਦਵਾਰ ਅਤੇ ਪਾਰਟੀਆਂ ਪ੍ਰਚਾਰ ਵਿੱਚ ਰੁੱਝੀਆਂ ਹੋਈਆਂ ਹਨ, ਓਦੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਇੱਕ ਉਮੀਦਵਾਰ ਦੇ ਖਿਲਾਫ ਉਸ ਦੇ ਇੱਕ ਬਿਆਨ ਕਾਰਨਕੇਸ ਦਰਜ ਹੋ ਗਿਆ ਹੈ।

ਭਾਰਤੀ ਜਨਤਾ ਪਾਰਟੀ ਨੇ ਬਨੇਂਦਰ ਕੁਮਾਰ ਮੁਸ਼ਹਰੀ ਨੂੰ ਆਸਾਮ ਦੇ ਗੌਰੀਪੁਰ ਹਲਕੇ ਤੋਂ ਉਮੀਦਵਾਰ ਬਣਾਇਆ ਹੋਇਆ ਹੈ। ਅੱਜ ਇੱਕ ਬਿਆਨ ਵਿੱਚਇਸ ਭਾਜਪਾਆਗੂ ਨੇ ਬੀਫ ਨੂੰ ਰਾਸ਼ਟਰੀ ਪਕਵਾਨ ਕਹਿ ਦਿੱਤਾ। ਪਤਾ ਲੱਗਾ ਹੈ ਕਿ ਇਹ ਬਿਆਨ ਦੇਣ ਵੇਲੇ ਇਹ ਭਾਜਪਾ ਉਮੀਦਵਾਰ ਮੁਸਲਮਾਨ ਬਹੁ-ਗਿਣਤੀ ਇਲਾਕੇ ਵਿੱਚ ਚੋਣ ਪ੍ਰਚਾਰ ਕਰ ਰਿਹਾ ਸੀ ਤਾਂ ਉਸ ਨੇ ਮੁਸਲਿਮ ਵੋਟਰਾਂ ਨੂੰ ਖੁਸ਼ ਕਰਨ ਲਈ ਕਿਹਾ ਕਿ ਬੀਫ ਭਾਰਤ ਦਾ ਰਾਸ਼ਟਰੀ ਪਕਵਾਨ ਹੈ।

ਵਰਨਣ ਯੋਗ ਹੈ ਕਿ ਬਨੇਂਦਰ ਕੁਮਾਰਬੀਤੇ 29 ਦਸੰਬਰ ਨੂੰ ਭਾਜਪਾਵਿੱਚਸ਼ਾਮਲਹੋਇਆ ਸੀ। ਉਸ ਨੇ ਘੱਟ-ਗਿਣਤੀ ਭਾਈਚਾਰੇ ਦੇ ਵੋਟਰਾਂ ਨੂੰ ਖਿੱਚਣ ਦੀ ਕੋਸ਼ਿਸ਼ ਵਿੱਚ ਕਿਹਾ, 'ਕੋਈ ਬੀਫ ਉੱਤੇ ਰੋਕ ਲਾਉਣ ਦੀ ਕੋਸ਼ਿਸ਼ ਕਿਵੇਂ ਕਰ ਸਕਦਾ ਹੈ? ਇਹ ਤਾਂ ਭਾਰਤ ਦਾ ਰਾਸ਼ਟਰੀ ਪਕਵਾਨ ਹੈ।' ਉਸ ਨੇ ਕਿਹਾ, 'ਅਸਾਮ ਦੇ ਪੇਂਡੂ ਖੇਤਰਾਂ ਦੇ ਸਿੱਖਿਅਤ ਮੁਸਲਮਾਨਾਂ ਨੂੰ ਸਮਝਣਾ ਚਾਹੀਦਾ ਹੈ ਅਸਾਮ ਜਾਂ ਭਾਰਤ ਵਿੱਚ ਕਿਸੇਵੀ ਜਗ੍ਹਾ ਬੀਫ ਦੀ ਵਿਕਰੀ ਉੱਤੇ ਕੋਈ ਰੋਕ ਨਹੀਂ ਲਾ ਸਕਦਾ।ਇਸ ਦੌਰਾਨ ਪੂਰਵਾਂਚਲ ਹਿੰਦੂ ਓਈਆ ਮੰਚ ਨੇ ਦਿਸਪੁਰ ਪੁਲਸ ਥਾਣੇ ਵਿੱਚ ਸ਼ਿਕਾਇਤ ਦਰਜ ਕਰਾਈ ਤੇ ਮੰਗ ਕੀਤੀ ਹੈ ਕਿ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਵਾਲੇ ਬਨੇਂਦਰ ਕੁਮਾਰ ਦੇ ਖਿਲਾਫ ਕਾਰਵਾਈ ਸ਼ੁਰੂ ਕੀਤੀ ਜਾਵੇ। ਇਸ ਮੰਚ ਨੇ ਭਾਜਪਾ ਉਮੀਦਵਾਰ ਉੱਤੇ ਦੋ ਭਾਈਚਾਰਿਆਂ ਵਿਚਾਲੇ ਨਫਰਤ ਤੇ ਦੁਸ਼ਮਣੀ ਫੈਲਾਉਣ ਦੇ ਦੋਸ਼ਲਾਏ ਹਨ। ਓਧਰ ਧੁਬਰੀ ਜ਼ਿਲੇਵਿੱਚ ਸੀਨੀਅਰ ਭਾਜਪਾਵਰਕਰਾਂ ਨੇ ਮੁਸ਼ਹਰੀ ਦੇ ਬਿਆਨ ਉੱਤੇ ਗੰਭੀਰ ਸਵਾਲ ਚੁੱਕੇ ਤੇ ਨਾਲ ਮੰਗ ਕੀਤੀ ਹੈ ਕਿ ਇਸ ਉਮੀਦਵਾਰ ਨੂੰ ਤੁਰੰਤ ਮੁਆਫੀ ਮੰਗਣੀ ਚਾਹੀਦੀ ਹੈ।

# ਭਾਰਤ ਦੇ ਨਾਗਰਿਕਤਾ ਕਾਨੂੰਨ ਦੇ ਖਿਲਾਫ ਸ਼ਿਕਾਗੋ ਨਗਰ ਕੌਂਸਲ ਵਿੱਚ ਪੇਸ਼ ਹੋਇਆ ਮਤਾ ਰੱਦ

### * ਮਤੇ ਵਿੱਚ ਭਾਰਤ ਦੀ ਆਲੋਚਨਾ ਕੀਤੇ ਜਾਣ ਦਾ ਵਿਰੋਧ

ਵਾਸ਼ਿੰਗਟਨ, 25 ਮਾਰਚ, (ਪੋਸਟ ਬਿਊਰੋ)- ਅਮਰੀਕਾ ਦੇ ਸ਼ਿਕਾਗੋ ਦੇ ਨਗਰ ਕੌਂਸਲ ਨੇ ਉਸ ਮਤੇ ਵਿਰੁੱਧ ਵੋਟ ਕੀਤੀ ਹੈ, ਜਿਸ ਵਿਚ ਭਾਰਤ ਦੇ ਨਾਗਰਿਕਤਾ ਸੋਧ ਕਾਨੂੰਨ (ਸੀਏਏ) ਅਤੇ ਮਨੁਖੀ ਅਧਿਕਾਰਾਂ ਦੇ ਮੁੱਦੇਤੋਂ ਭਾਰਤ ਦੀ ਨਿੰਦਾ ਕੀਤੀ ਗਈ ਸੀ। ਇਸ ਮਤੇ ਨੂੰ 18 ਵੋਟਾਂ ਪਈਆਂ ਅਤੇ 26 ਵਿਰੋਧੀ ਵੋਟਾਂ ਨਾਲ ਰੱਦ ਕਰ ਦਿੱਤਾ ਗਿਆ। ਇਸ ਸ਼ਹਿਰ ਦੀ ਮੇਅਰ ਲੋਰੀ ਲਾਈਟਫੁਟ ਨੇ ਮੀਡੀਆ ਨੂੰ ਕਿਹਾ ਕਿ 'ਕੌਂਸਲ ਦੇ ਕਈ ਮੈਂਬਰਾਂ ਨੂੰ ਇਸ ਮਤੇ ਦੇ ਸਮਰਥਨ ਕਰਨ ਨਾਲ ਪਰੇਸ਼ਾਨੀ ਮਹਿਸੂਸ ਹੁੰਦੀ ਸੀ, ਅਸੀਂ ਨਹੀਂ ਜਾਣਦੇ ਕਿ ਭਾਰਤ ਵਿਚ ਅਸਲ ਵਿਚ ਕੀ ਹੋ ਰਿਹਾ ਹੈ।'

ਵਰਨਣ ਯੋਗ ਹੈ ਕਿ ਅਮਰੀਕਾ ਵਿਚ ਨਿਊਯਾਰਕ ਤੋਂ ਬਾਅਦ ਸ਼ਿਕਾਗੋ ਨਗਰ ਕੌਂਸਲ ਸਭ ਤੋਂ ਸ਼ਕਤੀਸ਼ਾਲੀ ਨਗਰ ਕੌਂਸਲਾਂ ਵਿੱਚੋਂ ਇਕ ਹੈ। ਸ਼ਹਿਰ ਦੇਮੇਅਰ ਨੇ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਨਗਰ ਕੌਂਸਲ ਵਿਚ ਇਸ ਮਤੇ ਬਾਰੇ ਤੁਸੀਂ ਜੋ ਅਣ-ਇੱਛਾ ਦੇਖੀ, ਉਸ ਦਾ ਕਾਰਨ ਹੈ ਕਿ ਕਈ ਮੈਂਬਰਾਂ ਦਾ ਖਿਆਲ ਸੀ ਕਿ ਇਸ ਦੀ ਪੂਰੀ ਜਾਣਕਾਰੀ ਨਹੀਂ ਹੈ। ਉਨ੍ਹਾਂ ਕਿਹਾ ਕਿ ਸ਼ਿਕਾਗੋ ਦੇ ਕੋਲ ਆਪਣੀਆਂ ਕਈ ਸਮੱਸਿਆਵਾਂ ਹਨ। ਲਾਈਟਫੁਟ ਨੇ ਕਿਹਾ ਕਿ ਮੈਂ ਕਹਿਣਾ ਚਾਹਾਂਗੀ ਕਿ ਮੈਂ ਸ਼ਿਕਾਗੋ ਦੇ ਮੇਅਰ ਵਾਲੇ ਅਹੁਦੇ ਉੱਤੇ ਬੈਠ ਕੇ ਅਮਰੀਕੀ ਸਰਕਾਰ ਤੋਂ ਅੱਗੇ ਨਹੀਂ ਜਾ ਸਕਦੀ, ਏਦਾਂ ਦੇ ਮੁੱਦਿਆਂ ਉੱਤੇ ਕਿਸੇ ਤਰ੍ਹਾਂ ਦੀ ਟਿੱਪਣੀ ਕਰਨ ਅਤੇ ਫ਼ੈਸਲਾ ਲੈਣ ਦਾ ਅਧਿਕਾਰ ਦੇਸ਼ ਦੀ ਸਰਕਾਰ ਨੂੰ ਹੈ।

ਸ਼ਿਕਾਗੋ ਨਗਰ ਕੌਂਸਲ ਦੇ ਮੈਂਬਰ ਰੇਮੰਡ ਏ ਲੋਪੇਜ਼ ਨੇ ਇਸ ਬਾਰੇ ਕਿਹਾ ਕਿ ਮੈਂ ਇਸ ਦਾ ਸਮੱਰਥਨ ਨਹੀਂ ਕਰ ਸਕਦਾ, ਕਿਉਂਕਿ ਇਹ ਬਹੁਤ ਵੰਡੀਆਂ ਪਾਉਣ ਵਾਲਾ ਮਤਾ ਹੈ। ਉਨ੍ਹਾਂ ਕਿਹਾ ਕਿ ਮੇਰੇ ਦਫ਼ਤਰ ਨਾਲ ਹਜ਼ਾਰਾਂ ਲੋਕਾਂ ਨੇ ਸੰਪਰਕ ਕਰ ਕੇ ਸਖ਼ਤੀ ਨਾਲ ਇਸ ਦਾ ਵਿਰੋਧ ਕੀਤਾ ਹੈ। ਭਾਰਤ ਦੇ ਵਪਾਰ ਕੌਂਸਲੇਟ ਨੇ ਵੀ ਮੇਰੇ ਨਾਲ ਸੰਪਰਕ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਦੱਸਦਾ ਹੈ ਕਿ ਇਕ ਖਾਸ ਭਾਈਚਾਰੇ ਉੱਤੇ ਇਸ ਚਰਚਾ ਦਾ ਕਿੰਨਾ ਪ੍ਰਭਾਵ ਹੈ, ਮੈਂ ਆਪਣੇ ਸਹਿਯੋਗੀ ਨੂੰ ਕਿਹਾ ਕਿ ਉਹ ਇਸ ਦੇ ਪੱਖ ਵਿਚ ਵੋਟਿੰਗ ਨਾ ਕਰੇ। ਸਮਝਿਆ ਜਾਂਦਾ ਹੈ ਕਿ ਮਤਾ ਪੇਸ਼ ਹੋਣ ਤੋਂ ਪਹਿਲਾਂ ਸ਼ਿਕਾਗੋ ਦੇ ਭਾਰਤੀ ਕੌਂਸਲੇਟ ਨੇ ਸ਼ਹਿਰ ਦੇ ਮੇਅਰ ਤੇ ਸ਼ਿਕਾਗੋ ਕੌਂਸਲ ਦੇ ਸਾਰੇ 50 ਮੈਂਬਰਾਂ ਨਾਲ ਸੰਪਰਕ ਕੀਤਾ ਸੀ।

ਕੌਂਸਲ ਦੇ ਇੱਕ ਮੈਂਬਰ ਜਾਰਜ ਏ ਕਾਰਡਨੈੱਸ ਨੇ ਸਵਾਲ ਕੀਤਾ ਕਿ ਜੇ ਭਾਰਤਬਾਰੇ ਸ਼ਿਕਾਗੋ ਦੀ ਨਗਰ ਕੌਂਸਲ ਵਿਚ ਚਰਚਾ ਹੋ ਸਕਦੀ ਹੈ ਤਾਂ ਚੀਨ ਵਿਚ ਉਈਗਰ ਲੋਕਾਂ ਦੇ ਸਫਾਏਬਾਰੇ ਕਿਉਂ ਨਹੀਂ। ਉਨ੍ਹਾਂ ਕਿਹਾ ਕਿ ਜੇ ਅਸੀਂ ਏਦਾਂ ਦੇ ਹਰ ਮੁੱਦੇ ਉੱਤੇ ਚਰਚਾ ਕਰਨ ਬੈਠਾਂਗੇ ਤਾਂ ਵਿਸ਼ਵ ਦੇਕਈ ਮੁੱਦੇ ਹਨ, ਸਾਡੇ ਘਰ ਦੇ ਕਈ ਮਹੱਤਵ ਪੂਰਨ ਮੁੱਦੇ ਹਨ, ਜਿਨ੍ਹਾਂ ਉੱਤੇ ਸਾਨੂੰ ਧਿਆਨ ਦੇਣ ਦੀ ਲੋੜ ਹੈ, ਸਾਡਾ ਭਾਈਚਾਰਾ ਇਕਜੁੱਟ ਰਹਿਣਾ ਚਾਹੀਦਾ ਹੈ।

ਇਸ ਦੌਰਾਨ ਸ਼ਿਕਾਗੋ ਦੇ ਪ੍ਰਮੁੱਖ ਭਾਰਤੀ ਅਮਰੀਕੀ ਡਾਕਟਰ ਭਰਤ ਬਰਾਈ ਨੇ ਕੌਂਸਲ ਦੇ ਫ਼ੈਸਲੇ ਦਾ ਸਮਰਥਨ ਕਰਦਿਆਂ ਕਿਹਾ ਕਿ ਇਸ ਮਤੇ ਦੇ ਪਿੱਛੇ ਕੌਂਸਲ ਆਨ ਅਮੈਰੀਕਨ ਇਸਲਾਮਿਕ ਰਿਲੇਸ਼ਨ ਹੈ ਅਤੇ ਉਸ ਦੀ ਭੂਮਿਕਾ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ। ਇਹ ਮਤਾਕੌਂਸਲ ਦੀ ਮੈਂਬਰ ਮਾਰੀਆ ਹੈਡਨ ਨੇ ਪੇਸ਼ ਕੀਤਾ ਸੀ। ਉਸ ਦਾ ਕਹਿਣਾ ਸੀ ਕਿ ਮਤਾ ਦੱਖਣੀ ਏਸ਼ਿਆਈ ਸਹਿਯੋਗੀਆਂ ਤੋਂ ਮਿਲੀ ਜਾਣਕਾਰੀਦੇ ਆਧਾਰ ਉੱਤੇ ਪੇਸ਼ ਕੀਤਾ ਗਿਆ ਹੈ।

# ਸ਼ਾਹੀ ਪਰਿਵਾਰ ਤੋ ਨਿੱਖੜਿਆ ਪ੍ਰਿੰਸ ਹੈਰੀ ਨੌਕਰੀ ਕਰਨ ਲੱਗਾ

ਸਾਨ ਫ੍ਰਾਂਸਿਸਕੋ, 25 ਮਾਰਚ, (ਪੋਸਟ ਬਿਊਰੋ)- ਬ੍ਰਿਟੇਨ ਦੇ ਸ਼ਾਹੀ ਪਰਿਵਾਰ ਨੂੰ ਛੱਡ ਕੇ ਸਧਾਰਨ ਜ਼ਿੰਦਗੀ ਗੁਜ਼ਾਰ ਰਹੇ ਡਿਊਕ ਆਫ ਸਸੈਕਸ ਪ੍ਰਿੰਸ ਹੈਰੀ ਨੇ ਨੌਕਰੀ ਕਰਨ ਦਾ ਫ਼ੈਸਲਾ ਲਿਆ ਹੈ। ਉਹ ਮੰਗਲਵਾਰ ਨੂੰ ਸਾਨ ਫ੍ਰਾਂਸਿਸਕੋ ਦੇ ਇਕ ਸਟਾਰਟ ਅੱਪ ਬੈਟਰਅੱਪ ਨਾਲ ਚੀਫ ਇੰਪੈਕਟ ਅਫਸਰ (ਸੀ ਆਈ ਓ) ਵਜੋਂ ਜੁੜ ਗਏ ਹਨ। ਉਨ੍ਹਾਂ ਦੀ ਇਸ ਨੌਕਰੀ ਤੋਂ ਸੈਲਰੀ ਨਹੀਂ ਦੱਸੀ ਗਈ। ਇਹ ਕੰਪਨੀ ਕਾਮਿਆਂ ਦੀ ਮੈਂਟਲ ਹੈੱਲਥ ਦੇ ਬਾਰੇ ਕੰਮ ਕਰਦੀ ਹੈ।

ਪਤਾ ਲੱਗਾ ਹੈ ਕਿ ਪ੍ਰਿੰਸ ਹੈਰੀ ਇਸ ਕੰਪਨੀ ਦੇ ਮਾਨਸਿਕ ਸਿਹਤ ਪ੍ਰਾਜੈਕਟ ਦੀ ਨਿਗਰਾਨੀ ਕਰਨਗੇ ਅਤੇ ਇਸ ਦੀ ਪੂਰੀ ਜ਼ਿਮੇਵਾਰੀ ਉਨ੍ਹਾ ਦੀ ਹੋਵੇਗੀ। ਇਸ ਦੇ ਨਾਲ ਹੈਰੀ ਇਕ ਹੋਰ ਸਮਾਜਿਕ ਭੂਮਿਕਾ ਵਜੋਂ ਉਹ ਰੂਪਰਟ ਮਰਡੋਕ ਦੀ ਨੂੰਹ ਕੈਥਰੀਨ ਦੇ ਐਸਪਿਨ ਇੰਸਟੀਚਿਊਟ ਵਿਚ ਕਮਿਸ਼ਨਰ ਵਜੋਂ ਗਲਤ ਸੂਚਨਾ ਦਾ ਪਸਾਰਾ ਰੋਕਣ ਦਾ ਕੰਮ ਕਰਨਗੇ। ਇਹ ਉਨ੍ਹਾਂ ਦੀ ਆਨਰੇਰੀ ਸਰਵਿਸ ਹੋਵੇਗੀ, ਜਿਸ ਨੂੰ ਲੋਕਾਂ ਵੱਲੋਂ ਸਲਾਹਿਆ ਗਿਆ ਹੈ। ਇਸ ਦੌਰਾਨ ਹੈਰੀ ਨੇ ਸੀ ਈ ਓ ਨਿਯੁਕਤ ਕੀਤੇ ਜਾਣਪਿੱਛੋਂ ਕਿਹਾ ਕਿ ਮੈਂ ਕੰਪਨੀ ਦੇ ਮਾਨਸਿਕ ਸਿਹਤ ਪ੍ਰਾਜੈਕਟ ਦਾ ਹਿੱਸਾ ਬਣ ਕੇ ਕੰਮ ਕਰਾਂਗਾ।ਪ੍ਰਿੰਸ ਹੈਰੀ ਨੂੰ ਕੰਪਨੀ ਦੇ ਸੀ ਈ ਓ ਐਲੇਕਸੀ ਰੌਬਿਚਾਕਸ ਕੰਪਨੀ ਦੇ ਲਈ ਇਕਦਮ ਸਹੀ ਦੱਸਦੇ ਹੋਏਕਿਹਾ ਕਿ ਹੈਰੀ ਦਾ ਉਤਸ਼ਾਹਿਤ ਕਰਨ ਤੇ ਕੰਮ ਨਾਲ ਅਸਰ ਛੱਡਣ ਦਾ ਤਰੀਕਾ ਵਧੀਆ ਹੈ। ਹੈਰੀ ਦੀ ਨੌਕਰੀ ਵਾਲੀ ਬੈਟਰਅੱਪ ਕੰਪਨੀ ਮਾਰਸ ਤੇ ਲਿੰਕਡਿਨ ਆਦਿ ਕੰਪਨੀਆਂ ਦੇ ਮੁਲਾਜ਼ਮਾਂ ਦੀ ਮਾਨਸਿਕ ਸਿਹਤ ਅਤੇ ਕੋਚਿੰਗ ਦੇ ਖੇਤਰ ਵਿਚ ਕੰਮ ਕਰਦੀ ਹੈ। ਬੈਟਰਅੱਪ 12,556 ਕਰੋੜ ਦੀ ਨੈੱਟਵਰਥ ਵਾਲੀ ਹੈਲਥ ਟੈਕ ਕੰਪਨੀ ਹੈ। ਬ੍ਰਿਟੇਨ ਦੇ ਸ਼ਾਹੀ ਪਰਿਵਾਰ ਤੋਂ ਵੱਖ ਹੋਣ ਪਿੱਛੋਂ ਸਾਬਕਾ ਐਕਟਰੈੱਸ ਮੇਗਨ ਮਰਕੇਲ ਅਤੇ ਪ੍ਰਿੰਸ ਹੈਰੀ ਅੱਜਕੱਲ੍ਹ ਕੈਲੀਫੋਰਨੀਆ ਵਿਚ ਰਹਿ ਰਹੇ ਸਨ। ਉਹ ਕਮਾਈ ਦੇ ਖੇਤਰ ਵਿਚਲਗਾਤਾਰਸਰਗਰਮ ਨਜ਼ਰ ਆ ਰਹੇ ਹਨ ਅਤੇ ਉਨ੍ਹਾਂ ਨੇ ਨੈੱਟਫਲਿਕਸ ਨਾਲ ਕੰਟੈਂਟ ਤਿਆਰ ਕਰਨ ਅਤੇ ਸਪਾਟੀਫਾਈ ਲਈ ਪਾਡਕਾਸਟ ਬਣਾਉਣ ਦੇ ਸਮਝੌਤੇ ਉੱਤੇ ਦਸਖ਼ਤ ਕੀਤੇ ਹਨ। ਬੈਟਰਅੱਪ ਕੰਪਨੀ ਨਾਲ ਆਪਣੀ ਨਵੀਂ ਸਾਂਝ ਦੀ ਜਾਣਕਾਰੀ ਹੈਰੀ ਨੇ ਬਲਾਗ ਪੋਸਟ ਵਿਚ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਉਹ ਬੈਟਰਅੱਪ ਟੀਮ ਨਾਲ ਇਸ ਲਈ ਜੁੜ ਰਹੇ ਹਨ ਕਿ ਉਹ ਕੰਪਨੀ ਦੇ ਮਾਨਸਿਕ ਸਿਹਤ ਮਿਸ਼ਨ ਉੱਤੇ ਭਰੋਸਾ ਕਰਦੇ ਹਨ। ਬੈਟਰਅੱਪ ਦੀ ਸ਼ੁਰੂਆਤ ਸਾਲ 2013 ਵਿਚ ਹੋਈ ਸੀ ਅਤੇ ਅੱਜਕੱਲ੍ਹ ਇਸ ਵਿਚ ਕਰਮਚਾਰੀਆਂ ਦੀ ਗਿਣਤੀ ਵਧ ਕੇ 270 ਹੋ ਗਈ ਹੈ ਅਤੇ ਕਰੀਬ 2000 ਕੋਚ ਦਾ ਇਕ ਨੈੱਟਵਰਕ ਕੰਪਨੀ ਵਿਚ ਸ਼ਾਮਲ ਹੈ। ਕੰਪਨੀ ਦੇ ਕਲਾਈਂਟਸ ਵਿਚ ਨਾਸਾ, ਸ਼ੇਵਰਾਨ, ਮਾਰਕ, ਸਨੈਪ ਅਤੇ ਵਾਰਨਰ ਮੀਡੀਆ ਆਦਿ ਕੰਪਨੀਆਂ ਸ਼ਾਮਲ ਹਨ।

ਪਿਛਲੇਰੇ ਹਫਤੇ ਹੈਰੀ ਨੇ ਓਪਰਾ ਵਿਨਫ੍ਰੇ ਨੂੰ ਦੱਸਿਆ ਸੀ ਕਿ ਉਹ ਸ਼ਾਹੀ ਜ਼ਿੰਦਗੀ ਦੇ ਦੌਰਾਨ ਇਕ ਕੈਦੀ ਵਾਂਗ ਮਹਿਸੂਸ ਕਰਦੇ ਸਨ। ਪਿਛਲੇ ਸਾਲ ਮਾਇਕ ਤੌਰ ਉੱਤੇ ਵੱਖ ਕੀਤੇ ਜਾਣ ਅਤੇ ਆਪਣੀ ਸੁਰੱਖਿਆ ਗੁਆਉਣ ਪਿੱਛੋਂ ਉਨ੍ਹਾਂ ਨੂੰ ਵੱਡਾ ਝਟਕਾ ਲੱਗਾ ਸੀ। ਹੈਰੀ ਨੇ ਕਿਹਾ ਕਿ ਉਨ੍ਹਾਂ ਨੂੰ ਲੱਗਾ ਕਿ ਉਨ੍ਹਾਂ ਦੇ ਪਰਵਾਰ ਨੇ ਮੇਗਨ ਦਾ ਸਾਥ ਨਹੀਂ ਦਿੱਤਾ। ਦੋ ਨਸਲਾਂ ਨਾਲ ਸੰਬੰਧ ਰੱਖਣ ਵਾਲੀ ਮੇਗਨ ਨੇ ਦੱਸਿਆ ਕਿ ਜਦੋਂ ਉਹ ਪਹਿਲੀ ਵਾਰ ਗਰਭਵਤੀ ਹੋਈ ਤਾਂ ਇਸ ਗੱਲ ਦੀ ਕਾਫੀ ਚਿੰਤਾ ਜ਼ਾਹਰ ਕੀਤੀ ਗਈ ਸੀ ਕਿ ਉਨ੍ਹਾਂ ਦੇ ਬੇਟੇ ਦਾ ਰੰਗ ਕਿੱਦਾਂ ਦਾ ਹੋਵੇਗਾ। ਮੇਗਨ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਉਸ ਵਕਤ ਖੁਦਕੁਸ਼ੀ ਕਰਨ ਦੇ ਖਿਆਲ ਆਉਣ ਲੱਗ ਪਏ ਸਨ।

# ਕਿਸਾਨ ਆਗੂ ਰਾਕੇਸ਼ ਟਿਕੈਤ ਦੇ ਖਿਲਾਫ ਕਰਨਾਟਕ ਵਿੱਚ ਭੜਕਾਊ ਭਾਸ਼ਣ ਦੇਣ ਦਾ ਕੇਸ ਦਰਜ

ਬੈਂਗਲੁਰੂ, 25 ਮਾਰਚ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨਨਵੇਂ ਖੇਤੀ ਕਾਨੂੰਨਾਂ ਦੇ ਖਿਲਾਫ ਕਿਸਾਨਾਂ ਦਾ ਵਿਰੋਧ ਲਗਾਤਾਰ ਜਾਰੀ ਹੈ। ਇਸ ਦੌਰਾਨ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਵਿਰੁੱਧ ਕਰਨਾਟਕ ਦੇ ਸ਼ਿਵਮੋਗਾਤੇ ਹਾਵੇਰੀਵਿੱਚ ਉਨ੍ਹਾਂ ਦੇ ਭਾਸ਼ਣ ਨੂੰ ਭੜਕਾਊ ਕਹਿ ਕੇ ਅੱਜ ਦੋ ਕੇਸ ਦਰਜ ਕੀਤੇ ਗਏ ਹਨ।



ਵਰਨਣ ਯੋਗ ਹੈ ਕਿ ਬੀਤੇ ਸ਼ਨਿਚਰਵਾਰ ਕਿਸਾਨਾਂ ਦੀ ਇਕ ਸਭਾ ਵਿੱਚ ਬੋਲਦਿਆਂ ਰਾਕੇਸ਼ ਟਿਕੈਤ ਨੇ ਕਿਹਾ ਸੀ ਕਿ ਕਿਸਾਨਾਂ ਨੂੰ ਦਿੱਲੀ ਦੀ ਤਰ੍ਹਾਂ ਕਰਨਾਟਕ ਵਿੱਚਵੀ ਵਿਰੋਧ ਪ੍ਰਦਰਸ਼ਨ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਬੈਂਗਲੁਰੂ ਸ਼ਹਿਰ ਦੇ ਘਿਰਾਓ ਦਾ ਸੱਦਾਵੀ ਦਿੱਤਾ ਅਤੇ ਕਿਹਾ ਸੀ ਕਿ 'ਤੁਹਾਨੂੰ ਦਿੱਲੀ ਵਾਂਗ ਚਾਰੇ ਪਾਸਿਓਂ ਬੈਂਗਲੁਰੂ ਦਾ ਘਿਰਾਓ ਕਰਨ ਦੀ ਲੋੜ ਹੈ। ਲੋਕ ਆਣ ਕੇ ਤੁਹਾਡੇ ਪ੍ਰਦਰਸ਼ਨਵਿੱਚ ਸ਼ਾਮਲ ਹੋਣਗੇ।' ਉਨ੍ਹਾਂ ਇਹ ਵੀ ਕਿਹਾ ਸੀ ਕਿ ਪ੍ਰਧਾਨ ਮੰਤਰੀ ਨੇ ਕਿਹਾ ਹੈ ਕਿ ਕਿਸਾਨ ਕਿਤੇ ਵੀ ਫਸਲ ਵੇਚ ਸਕਦਾ ਹੈ, ਇਸਲਈ ਤੁਸੀਂ ਆਪਣੀ ਫਸਲ ਨੂੰ ਜ਼ਿਲਾ ਕੁਲੈਕਟਰ ਅਤੇ ਐੱਸਡੀਐੱਮ ਦੇ ਦਫ਼ਤਰਾਂਵਿੱਚ ਲੈ ਜਾਓ, ਜੇ ਪੁਲਿਸ ਤੁਹਾਨੂੰ ਰੋਕਦੀ ਹੈ ਤਾਂ ਉਨ੍ਹਾਂ ਨੂੰਓਥੇ ਹੀ ਫਸਲ ਖਰੀਦਣ ਲਈ ਕਹੋ। ਇਨ੍ਹਾਂ ਗੱਲਾਂ ਨੂੰ ਲੈ ਕੇ ਰਾਕੇਸ਼ ਟਿਕੈਤ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਹੈ।


ਕਰਨਾਟਕ ਦੇ ਸਾਬਕਾ ਮੁੱਖ ਮੰਤਰੀ ਐੱਚਡੀ ਕੁਮਾਰਸਵਾਮੀ ਨੇ ਰਾਕੇਸ਼ ਟਿਕੈਤ ਖਿਲਾਫ ਕੇਸ ਦਰਜ ਕਰਨ ਲਈ ਇਸ ਰਾਜ ਦੀ ਭਾਜਪਾ ਸਰਕਾਰ ਦੀ ਅਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਰਾਜ ਦੀ ਭਾਜਪਾ ਸਰਕਾਰ ਏਥੇ ਕਿਸਾਨਾਂ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਕੀ ਇਹ ਅਸਲਵਿੱਚਕੋਈ ਭੜਕਾਊ ਭਾਸ਼ਣ ਦਾ ਕੇਸ ਹੈ? ਉਨ੍ਹਾਂਕਿਹਾ ਕਿ ਰਾਕੇਸ਼ ਟਿਕੈਤ ਦੇ ਬਿਆਨਾਂਵਿੱਚ ਕੁਝ ਵੀ ਭੜਕਾਊ ਨਹੀਂ। ਇਹ ਸਾਰੀ ਗਲਤ ਧਾਰਨਾ ਹੈ। ਪ੍ਰਦਰਸ਼ਨ ਕਰਨ ਦਾ ਹਰ ਕਿਸੇ ਨੂੰ ਸੰਵੈਧਾਨਿਕ ਅਧਿਕਾਰ ਹੈ। ਟਿਕੈਤਦੇ ਖਿਲਾਫ ਦਰਜਕੇਸ ਵਾਪਸ ਲਏ ਜਾਣੇ ਚਾਹੀਦੇ ਹਨ।











# ਸੰਪਾਦਕੀ

## ਉਂਟੇਰੀਓ ਬੱਜਟ- ਮੁੱਦਤਾਂ ਬਾਅਦ ਬਰੈਂਪਟਨ ਲਈ ਸੁਖਾਵੀਂ ਖ਼ਬਰ

"ਬਰੈਂਪਟਨ ਨੂੰ ਨਵਾਂ ਹਸਪਤਾਲ ਮਿਲ ਰਿਹਾ ਹੈ ਅਤੇ ਮੇਰੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਹੈ" ਇਹ ਬਿਆਨ ਇਸ ਲਈ ਮਹੱਤਵਪੂਰਣ ਨਹੀਂ ਹੈ ਕਿਉਂਕਿ ਇਹ ਬਰੈਂਪਟਨ ਮੇਅਰ ਬਰਾਊਨ ਪੈਟਰਿਕ ਦਾ ਬਿਆਨ ਹੈ। ਇਹ ਬਿਆਨ ਇਸ ਲਈ ਅਹਿਮ ਹੈ ਕਿ ਉਂਟੇਰੀਓ ਸਰਕਾਰ ਨੇ ਪੈਟਰਿਕ ਬਰਾਊਨ ਦੇ ਬਰੈਂਪਟਨ ਦਾ ਮੇਅਰ ਹੋਣ ਦੇ ਬਾਵਜੂਦ ਇਸ ਸਾਲ ਬੱਜਟ ਵਿੱਚ ਸ਼ਹਿਰ ਲਈ ਨਵੇਂ ਪ੍ਰੋਜੈਕਟਾਂ ਨੂੰ ਐਲਾਨਣ ਦੀ ਅੱਛੀ ਅਤੇ ਸੁਖਾਵੀਂ ਸ਼ੁਰੂਆਤ ਕੀਤੀ ਹੈ। ਇਹੋ ਜਿਹੀ ਚੰਗੀ ਖ਼ਬਰ ਤਾਂ ਉਸ ਵੇਲੇ ਵੀ ਨਹੀਂ ਆਈ ਜਦੋਂ ਲਿੰਡਾ ਜੈਫਰੀ ਮਿਉਂਸਪਲ ਮਾਮਲਿਆਂ ਦੀ ਮੰਤਰੀ ਹੁੰਦੀ ਸੀ ਅਤੇ ਬਰੈਂਪਟਨ ਤੋਂ ਜਿੱਤ ਕੇ ਉਂਟੇਰੀਓ ਪਾਰਲੀਮੈਂਟ ਵਿੱਚ ਨੁਮਾਇੰਦਗੀ ਕਰਦੀ ਸੀ। ਲਿੰਡਾ ਜੈਫਰੀ ਦੇ ਬਰੈਂਪਟਨ ਮੇਅਰ ਬਣਨ ਅਤੇ ਪ੍ਰੋਵਿੰਸ ਵਿੱਚ ਮਜ਼ਬੂਤ ਲਿਬਰਲ ਸਰਕਾਰ ਹੋਣ ਦੇ ਬਾਵਜੂਦ ਇਸ ਨਿਮਾਣੇ ਸ਼ਹਿਰ ਦੀਆਂ ਮੰਗਾਂ ਦਾ ਕੱਜ ਢੱਕਣ ਦਾ ਗੱਲਾਂ ਤੋਂ ਇਲਾਵਾ ਕੋਈ ਢੁਕਾਅ ਨਹੀਂ ਬਣ ਪਾਇਆ ਸੀ। ਜੇ ਉਹਨਾਂ ਦਿਨਾਂ ਵਿੱਚ ਮੂੰਹੋਂ ਅਫਸੋਸ ਤੋਂ ਵੱਧ ਕੁੱਝ ਨਹੀਂ ਸੀ ਨਿਕਲਦਾ ਤਾਂ ਪ੍ਰੀਮੀਅਰ ਡੱਗ ਫੋਰਡ ਦਾ ਆਪਣੇ ਵਿਰੋਧੀ ਪੈਟਰਿਕ ਬਰਾਊਨ ਦੇ ਸ਼ਹਿਰ ਨੂੰ ਇੱਕ ਮੈਡੀਕਲ ਯੂਨੀਵਰਸਿਟੀ, ਪੂਰਾ ਸੂਰਾ ਹਸਪਤਾਲ ਅਤੇ ਦੋ ਲੌਂਗ ਟਰਮ ਕੇਅਰ ਹੋਮ ਦੇਣ ਦਾ ਐਲਾਨ ਕਰਨਾ ਸਾਧਾਰਨ ਗੱਲ ਨਹੀਂ ਹੈ।

ਜਿੱਥੇ ਤੱਕ ਸਮੁੱਚੇ ਉਂਟੇਰੀਓ ਬੱਜਟ ਦਾ ਸੁਆਲ ਹੈ, 33.1 ਬਿਲੀਅਨ ਡਾਲਰ ਦੇ ਇਤਿਹਾਸਕ ਘਾਟੇ ਵਾਲੇ ਬੱਜਟ ਵਿੱਚ ਸਰਕਾਰ ਨੇ ਪਰਿਵਾਰਾਂ ਨੂੰ ਰਾਹਤ ਦੇਣ ਅਤੇ ਕੋਵਿਡ-19 ਨਾਲ ਦੋ ਹੱਥ ਚਾਰ ਕਰਨ ਨੂੰ ਸਪੱਸ਼ਟ ਤਰਜੀਹ ਦਿੱਤੀ ਹੈ। ਮਿਸਾਲ ਵਜੋਂ 980 ਮਿਲੀਅਨ ਡਾਲਰ ਦੀ ਲਾਗਤ ਨਾਲ 400 ਡਾਲਰ ਪ੍ਰਤੀ ਬੱਚਾ ਚਾਈਲਡ ਬੈਨੇਫਿਟ ਦੇਣੇ, ਬੱਚਿਆਂ ਦੀ ਸੰਭਾਲ ਲਈ ਟੈਕਸ ਕਰੈਡਿਟ ਵਿੱਚ 20% ਵਾਧਾ ਕਰਨਾ, ਨਵੀਂ ਜੌਬ ਟਰੇਨਿੰਗ ਟੈਕਸ ਕਰੈਡਿਟ ਲਈ 260 ਮਿਲੀਅਨ ਡਾਲਰ ਖਰਚ ਕਰਨੇ ਵਿਸ਼ੇਸ਼ ਉੱਦਮ ਹਨ। 186 ਬਿਲੀਅਨ ਡਾਲਰ ਵਾਲੇ ਬੱਜਟ ਵਿੱਚੋਂ ਸਿੱਧੇ ਸਿੱਧੇ 173 ਬਿਲੀਅਨ ਡਾਲਰ ਤਾਂ ਸਿਰਫ਼ ਅਤੇ ਸਿਰਫ਼ ਕੋਵਿਡ-19 ਦੀ ਸਥਿਤੀ ਨਾਲ ਸਿੱਝਣ ਵਾਸਤੇ ਰੱਖੇ ਗਏ ਹਨ। ਆਲੋਚਕਾਂ ਦੀਆਂ ਇਹਨਾਂ ਟਿੱਪਣੀਆਂ ਵਿੱਚ ਦਮ ਹੈ ਕਿ ਦੂਰ ਰਸ ਸਿੱਟਿਆਂ (long term outcomes) ਵੱਲ ਬੱਜਟ ਵਿੱਚ ਕੋਈ ਬਹੁਤਾ ਧਿਆਨ ਨਹੀਂ ਦਿੱਤਾ ਗਿਆ ਹੈ। ਸੁਆਲ ਹੈ ਕਿ ਜੇ ਸਰਕਾਰ ਬੱਜਟ ਦੇ ਕੁੱਲ 186 ਬਿਲੀਅਨ ਡਾਲਰਾਂ ਵਿੱਚੋਂ 171 ਬਿਲੀਅਨ ਡਾਲਰ ਮਹਿਜ਼ ਕੋਵਿਡ19 ਨਾਲ ਸਬੰਧਿਤ ਖਰਚਿਆਂ ਲਈ ਨਾ ਰੱਖਦੀ ਤਾਂ ਆਲੋਚਕਾਂ ਦਾ ਪੇਟ ਫੇਰ ਵੀ ਉਫਾਰਿਆ ਜਾਣਾ ਸੀ। ਤਰਕ ਹੋਣਾ ਸੀ ਕਿ ਕੱਲ ਦੇ ਫ਼ਿਕਰ ਵਿੱਚ ਰੁੱਝੀ ਸਰਕਾਰ ਨੂੰ ਉਂਟੇਰੀਓ ਵਾਸੀਆਂ ਦੇ ਅੱਜ ਦਾ ਉੱਕਾ ਹੀ ਖਿਆਲ ਨਹੀਂ ਹੈ। ਭੁੱਲਣਾ ਨਹੀਂ ਚਾਹੀਦਾ ਕਿ ਕੋਵਿਡ ਕਾਰਣ ਪੈਦਾ ਹੋਏ 33.1 ਬਿਲੀਅਨ ਡਾਲਰ ਦੇ ਬੱਜਟ ਵਿੱਚ ਘਾਟੇ ਨੂੰ 2029-20 ਤੋਂ ਪਹਿਲਾਂ ਪੂਰਿਆ ਨਹੀਂ ਜਾ ਸਕੇਗਾ। ਇਹ ਅੰਦਾਜਾ ਤਾਂ ਕੰਜ਼ਰਵੇਟਿਵ ਸਰਕਾਰ ਦਾ ਹੈ ਪਰ ਜੇ ਦਰਮਿਆਨ ਲਿਬਰਲ ਜਾਂ ਐਨ ਡੀ ਪੀ ਸਰਕਾਰ ਆ ਗਈ ਤਾਂ ਫੇਰ ਬੱਜਟ ਵਿੱਚ ਘਾਟੇ ਦਾ ਰੱਬ ਹੀ ਰਾਖਾ ਹੋਵੇਗਾ।

ਜੇ ਬੱਜਟ ਦੇ ਪਰੀਪੇਖ ਵਿੱਚ ਬਰੈਂਪਟਨ ਦੀ ਗੱਲ ਕੀਤੀ ਜਾਵੇ ਤਾਂ ਇਹ ਗੱਲ ਕਿਸੇ ਚਮਤਕਾਰ ਤੋਂ ਘੱਟ ਨਹੀਂ ਹੈ ਕਿ ਸਰਕਾਰ ਵਰਤਮਾਨ ਦੇ ਔਖੇ ਵਿੱਤੀ ਦਿਨਾਂ ਵਿੱਚ ਵੀ ਬਰੈਂਪਟਨ ਨੂੰ ਹਸਪਤਾਲ, ਮੈਡੀਕਲ ਸਕੂਲ (ਯੂਨੀਵਰਸਿਟੀ) ਅਤੇ ਦੋ ਲੌਂਗ ਟਰਮ ਕੇਅਰ ਹੋਮ ਵਰਗੇ ਅਹਿਮ ਪ੍ਰੋਜੈਕਟ ਦੇਣ ਜਾ ਰਹੀ ਹੈ। ਇਹ ਸਹੀ ਸਮਾਂ ਨਹੀਂ ਹੈ ਕਿ ਪੀਲ ਮੈਮੋਰੀਅਲ ਹਸਪਤਾਲ (ਪੁਰਾਣੇ ਪੀਲ) ਦੇ ਚੀਰਹਰਣ ਦੇ ਇਤਿਹਾਸ ਨੂੰ ਵਾਰ ਵਾਰ ਦੁਹਰਾਇਆ ਜਾਵੇ ਜਿਸ ਵਿੱਚੋਂ ਕਿੰਨੇ ਹੀ ਚੰਗੇ ਮੰਦੇ ਭੇਦ ਨਸ਼ਰ ਹੋਣਗੇ। ਪੀਲ ਮੈਮੋਰੀਅਲ ਦੀ ਚੰਗੀ ਖਾਸੀ ਪੁਰਾਣੀ ਇਮਾਰਤ ਨੂੰ ਢਾਹੁਣ ਦੀ ਮੁਜਰਮਾਨਾ ਕਿਸਮ ਦੀ ਪ੍ਰਕਿਰਿਆ ਤੋਂ ਵਾਕ-ਇਨ ਸਟਾਈਲ ਅਤਿ ਮੰਹਿਗਾ ਢਾਂਚਾ ਖੜਾ ਕਰਨਾ ਅਤੇ ਬਰੈਂਪਟਨ ਸਿਵਕ ਨੂੰ ਬੇਮਨੇ ਢੰਗ ਨਾਲ ਹੋਂਦ ਵਿੱਚ ਲਿਆਉਣ ਦੀਆਂ ਚਾਲਾਂ ਦਾ ਚਿੱਠਾ ਬਹੁਤ ਲੰਬਾ ਚੌੜਾ ਹੈ।

ਬਰੈਂਪਟਨ ਵਿੱਚ ਰਾਇਰਸਨ ਯੂਨੀਵਰਸਿਟੀ ਦੀ ਅਗਵਾਈ ਵਿੱਚ ਇੱਕ ਮੈਡੀਕਲ ਯੂਨੀਵਰਸਿਟੀ ਸਥਾਪਤ ਕਰਨ ਦਾ ਐਲਾਨ ਵੀ ਬੇਹੱਦ ਅਹਿਮੀਅਤ ਵਾਲਾ ਹੈ। ਉਂਟੇਰੀਓ ਵਿੱਚ ਮੈਡੀਕਲ ਯੂਨੀਵਰਸਿਟੀ ਦਾ ਹੋਂਦ ਵਿੱਚ ਆਉਣਾ ਇੱਕ ਦੁਰਲੱਭ ਵਰਤਾਰਾ ਹੁੰਦਾ ਹੈ ਅਤੇ ਇਸ ਸਾਲ ਇੱਕ ਮੈਡੀਕਲ ਸਕੂਲ ਦੇ ਅਹਿਮ ਪ੍ਰੋਜੈਕਟ ਲਈ ਬਰੈਂਪਟਨ ਨੂੰ ਚੁਣਨਾ ਸੁਭਾਗ ਵਾਲੀ ਗੱਲ ਹੈ। ਮਿਸਾਲ ਵਜੋਂ ਥੰਡਰਵੇਅ ਵਿੱਚ ਮੈਡੀਕਲ ਸਕੂਲ 15 ਸਾਲ ਪਹਿਲਾਂ ਬਣਿਆ ਸੀ ਅਤੇ ਹੈਮਿਲਟਨ ਵਿੱਚ ਮੈਕਮਾਸਟਰ 40 ਸਾਲ ਪਹਿਲਾਂ। ਕਿਸੇ ਵੀ ਮੈਡੀਕਲ ਯੂਨੀਵਰਸਿਟੀ ਦੀ ਸਥਾਪਨਾ ਹੋਣ ਤੋਂ ਬਾਅਦ ਉਸਦੇ ਇਰਦ ਰਲਵੇਂ ਮਿਲਵੇਂ ਬਿਜਨਸਾਂ ਦੇ ਅਨੇਕਾਂ ਅਵਸਰ ਪੈਦਾ ਹੋ ਜਾਂਦੇ ਹਨ। ਅੱਜ ਪ੍ਰੀਮੀਅਰ ਡੱਗ ਫੋਰਡ ਦਾ ਬਰੈਂਪਟਨ ਆਉਣ ਦਾ ਪ੍ਰੋਗਰਾਮ ਹੈ ਜਿਸ ਦੌਰਾਨ ਇਹਨਾਂ ਪ੍ਰੋਜੈਕਟਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਸਾਂਝੀ ਕੀਤੇ ਜਾਣ ਦੀ ਸੰਭਾਵਨਾ ਹੈ।

ਲਿਬਰਲ ਪਾਰਟੀ ਦੇ ਲੀਡਰ ਸਟੀਵਨ ਡੈਲਡੂਕਾ ਨਾਲ ਸਹਿਮਤ ਹੋਣਾ ਬਣਦਾ ਹੈ ਜਿਸਨੇ ਐਨ ਡੀ ਪੀ ਦੇ ਉਦਾਸੀਨ ਪ੍ਰਤੀਕਰਮ ਤੋਂ ਉਲਟ ਆਸਵੰਦ ਹੁੰਦੇ ਕਿਹਾ ਹੈ ਕਿ ਸਾਨੂੰ ਬਰੈਂਪਟਨ ਲਈ ਐਲਾਨੀਆਂ ਸਹੂਲਤਾਂ ਵਾਸਤੇ ਖੁਸ਼ ਹੋਣ ਦੀ ਲੋੜ ਹੈ। ਕਮਿਉਨਿਟੀ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਕਿਸੇ ਵੀ ਸਰਕਾਰ ਦੀ ਪਹੁੰਚ 100% ਦਰੁਸਤ ਨਹੀਂ ਹੋਇਆ ਕਰਦੀ ਪਰ ਐਨ ਡੀ ਪੀ ਵਾਗੂੰ ਹਰ ਗੱਲ ਉੱਤੇ ਕਮਿਉਨਿਟੀ ਵਿੱਚ ਨਾਂਹਪੱਖੀ ਬਿਰਤਾਂਤ ਖੜਾ ਕਰਨਾ ਅਕਸਰ ਮਦਦਗਾਰ ਹੋਣ ਦੀ ਥਾਂ ਨੁਕਸਾਨਦਾਇਕ ਹੋਇਆ ਕਰਦਾ ਹੈ। ਨਿਰਪੱਖਤਾ ਸੋਚ ਇਹ ਦੱਸਦੀ ਹੈ ਕਿ ਆਪਣੇ ਸ਼ਹਿਰ ਦੀ ਖੁਸ਼ੀ ਵਿੱਚ ਖੁਸ਼ ਹੋਣਾ ਖੁਸ਼ ਲੋਕਾਂ ਦਾ ਆਧਾਰ ਹੁੰਦਾ ਹੈ ਅਤੇ ਨਿਰਸੰਕੋਚ ਇਸ ਬਜੱਟ ਵਿੱਚ ਬਰੈਂਪਟਨ ਲਈ ਖੁਸ਼ੀ ਭਰੀਆਂ ਕਈ ਗੱਲਾਂ ਹਨ।

## ਜੀਟੀਏ ਵੈੱਸਟ ਕਲੱਬ ਸੀ.ਪੀ.ਪੀ. ਵੱਲੋਂ ਨਾਰੀ-ਦਿਵਸ ਵੈੱਬ-ਤਕਨੀਕ ਨਾਲ ਮਨਾਇਆ ਗਿਆ

ਬਰੈਂਪਟਨ, (ਜਗੀਰ ਸਿੰਘ ਕਾਹਲੋਂ) - ਜੀਟੀਏ ਵੈੱਸਟ ਕਲੱਬ ਕਮਿਊਨਿਸਟ ਪਾਰਟੀ ਆਫ਼ ਕੈਨੇਡਾ ਵੱਲੋਂ ਅੰਤਰਰਾਸ਼ਟਰੀ ਔਰਤ ਦਿਵਸ ਮੌਕੇ ਜ਼ੂਮ ਵੈੱਬ-ਤਕਨੀਕ ਨਾਲ ਔਰਤਾਂ ਦੇ ਭਾਸ਼ਨਾਂ ਦਾ ਆਯੋਜਨ ਕੀਤਾ ਗਿਆ। ਇਸ ਵੈਬੀਨਾਰ ਵਿਚ ਵੱਖ-ਵੱਖ ਬੁਲਾਰਿਆਂ ਵੱਲੋਂ ਔਰਤਾਂ ਨੂੰ ਦਰਪੇਸ਼ ਸਮੱਸਿਆਵਾਂ ਅਤੇ ਦਿੱਲੀ ਵਿਚ ਚੱਲ ਰਹੇ ਕਿਸਾਨ ਅੰਦੋਲਨ ਵਿਚ ਨਾਰੀਆਂ ਦੇ ਯੋਗਦਾਨ ਦੀ ਭਰਪੂਰ ਚਰਚਾ ਕੀਤੀ ਗਈ। ਸੱਭ ਤੋਂ ਪਹਿਲਾਂ ਜੀਟੀਏ ਕਲੱਬ ਸੀਪੀਪੀ ਦੀ ਸੀਨੀਅਰ ਆਗੂ ਮੋਹਤਰਿਮਾ ਸਨੇਹ ਅਥਰ ਜੋ ਪਾਕਿਸਤਾਨ ਵਿਚ ਆਵਾਮੀ ਪਾਰਟੀ ਦੇ ਅਹਿਮ ਲੀਡਰ ਰਹੇ ਹਨ, ਨੇ ਏਸ਼ੀਆਈ-ਖਿੱਤੇ ਦੇ ਮਹਾਨ ਸ਼ਾਇਰਾਂ ਕੈਫ਼ੀ ਆਜ਼ਮੀ ਅਤੇ ਫ਼ੈਜ਼ ਅਹਿਮਦ ਫ਼ੈਜ਼ ਦੇ ਸ਼ਿਅਰਾਂ ਦੇ ਹਵਾਲਿਆਂ ਨਾਲ ਔਰਤਾਂ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ ਕਿ ਕਿਵੇਂ ਇਨ੍ਹਾਂ ਮਹਾਨ ਸ਼ਾਇਰਾਂ ਦੀ ਸ਼ਾਇਰੀ ਵਿਚ ਨਾਰੀ ਦੀ ਖ਼ੂਬਸੂਰਤ ਤਸਵੀਰ ਉੱਘੜਦੀ ਹੈ। ਉਨ੍ਹਾਂ ਵੱਲੋਂ ਇਹ ਵੀ ਜ਼ਿਕਰ ਕੀਤਾ ਗਿਆ ਕਿ ਕੈਫ਼ੀ ਆਜ਼ਮੀ ਦੀ ਸ਼ਾਇਰੀ ਵਿਚ ਨਾਰੀ ਦੇ ਹਾਂ-ਪੱਖੀ ਉਘਾੜੇ ਗਏ ਅਕਸ ਕਰਕੇ ਹੀ ਮੋਹਤਰਿਮਾ ਸ਼ੌਕਤ ਜਨਾਬ ਕੈਫ਼ੀ ਆਜ਼ਮੀ ਦੀ ਹੀ ਹੋ ਕੇ ਰਹਿ ਗਈ।

ਜ਼ੂਮ-ਮੀਟਿੰਗ ਦੂਸਰੇ ਬੁਲਾਰੇ ਡਾ. ਕੰਵਲਜੀਤ ਢਿੱਲੋਂ ਵੱਲੋਂ ਆਪਣੀ ਜ਼ਿੰਦਗੀ ਦੇ ਨਾਰੀ-ਮੁਕਤੀ ਲਈ ਕੀਤੇ ਗਏ ਸੰਘਰਸ਼ਾਂ ਤੋਂ ਆਰੰਭ ਕਰਕੇ ਕਿਸਾਨ ਮੋਰਚੇ ਵਿਚ ਸ਼ਾਮਲ ਔਰਤ-ਆਗੂਆਂ ਦੀ ਭੂਮਿਕਾ ਦਾ ਜ਼ਿਕਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕਿਵੇਂ 8 ਮਾਰਚ਼ ਅੰਤਰਰਾਸ਼ਟਰੀ ਔਰਤ-ਦਿਵਸ ਵਾਲੇ ਦਿਨ ਦਿੱਲੀ ਵਿਚ ਸੰਯੁਕਤ ਮੋਰਚੇ ਦੀਆਂ ਵੱਖ-ਵੱਖ ਸਟੇਜਾਂ ਦਾ ਸਮੁੱਚਾ ਸੰਚਾਲਨ ਨਾਰੀਆਂ ਵੱਲੋਂ ਕੀਤਾ ਗਿਆ ਅਤੇ ਬੁਲਾਰਿਆਂ ਦੀ ਭੂਮਿਕਾ ਨਿਭਾਉਣ ਤੋਂ ਲੈ ਕੇ ਹੋਰ ਸਾਰੇ ਪ੍ਰਬੰਧ ਉਨ੍ਹਾਂ ਵੱਲੋਂ ਹੀ ਕੀਤੇ ਗਏ। ਇਸ ਤਰ੍ਹਾਂ ਉਨ੍ਹਾਂ ਨੇ ਸਾਬਤ ਕਰ ਦਿੱਤਾ ਕਿ ਉਹ ਮਰਦਾਂ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹਨ। ਉਨ੍ਹਾਂ ਹੋਰ ਦੱਸਿਆ ਕਿ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵਿਚ 40% ਔਰਤਾਂ ਮੈਂਬਰ ਹਨ ਅਤੇ ਏਸੇ ਅਨੁਪਾਤ ਵਿਚ ਹੀ ਉਹ ਕਿਸਾਨ ਸੰਘਰਸ਼ ਵਿਚ ਉਤਸ਼ਾਹ ਪੂਰਵਕ ਸ਼ਾਮਲ ਹੋ ਕੇ ਇਸ ਵਿਚ ਬਾਖ਼ੂਬੀ ਵਿਚਰ ਰਹੀਆਂ ਹਨ। ਅਗਲੇ ਬੁਲਾਰੇ ਕਾਮਰੇਡ ਫ਼ੌਜ਼ੀਆ ਤਨਵੀਰ ਨੇ ਆਪਣੇ ਸੰਬੋਧਨ ਵਿਚ ਤਫ਼ਸੀਲ ਵਿਚ ਦੱਸਿਆ ਕਿ ਮਿਸੀਸਾਗਾ ਅਤੇ ਬਰੈਂਪਟਨ ਵੱਡੀ ਗਿਣਤੀ ਪਰਵਾਸੀਆਂ ਤੇ ਘੱਟ-ਗਿਣਤੀਆਂ ਦੀ ਹੈ। ਵੱਡੀ ਆਬਾਦੀ ਵਾਲੇ ਇਨ੍ਹਾਂ ਦੋਹਾਂ ਸ਼ਹਿਰਾਂ ਵਿਚ ਸਿਹਤ-ਸੇਵਾਵਾਂ ਅਤੇ ਸਿੱਖਿਆ ਦਾ ਬੁਰਾ ਹਾਲ ਹੈ। ਸਾਢੇ ਪੰਜ ਲੱਖ ਤੋਂ ਵਧੀਕ ਆਬਾਦੀ ਵਾਲੇ ਸ਼ਹਿਰ ਬਰੈਂਪਟਨ ਵਿਚ ਕੇਵਲ ਇਕ ਹੀ ਹਸਪਤਾਲ ਹੈ ਅਤੇ ਉਚੇਰੀ ਸਿੱਖਿਆ ਲਈ ਕੋਈ ਵੀ ਯੂਨੀਵਰਸਿਟੀ ਨਹੀਂ ਹੈ। ਇਨ੍ਹਾਂ ਸ਼ਹਿਰਾਂ ਵਿਚ ਗੋਰਿਆਂ ਤੇ ਗ਼ੈਰ-ਗੋਰਿਆਂ ਅਤੇ ਮਰਦਾਂ ਤੇ ਔਰਤਾਂ ਵਿਚਕਾਰ ਪੈਰ-ਪੈਰ 'ਤੇ ਵਿਤਕਰਾ ਹੋ ਰਿਹਾ ਹੈ ਅਤੇ ਇਸ ਨੂੰ ਦੂਰ ਕਰਨ ਲਈ ਕੇਵਲ ਸਮਾਜਵਾਦ ਹੀ ਬਰਾਬਰੀ ਦਾ ਸਿਧਾਂਤ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਦੀ ਕਮਿਊਨਿਸਟ ਪਾਰਟੀ ਇਸ ਦੀ ਸਥਾਪਤੀ ਲਈ ਸੰਘਰਸ਼ਸ਼ੀਲ ਹੈ। ਉਨ੍ਹਾਂ ਲੋਕਾਂ ਨੂੰ ਇਸ ਸੰਘਰਸ਼ ਵਿਚ ਸ਼ਾਮਲ ਹੋਣ ਦੀ ਅਪੀਲ ਵੀ ਕੀਤੀ।

ਦਿੱਲੀ ਦੇ ਕਿਸਾਨ ਸੰਘਰਸ਼ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਹੋਇਆਂ ਡਾ. ਗੁਰਨਾਮ ਕੌਰ ਨੇ ਕਿਹਾ ਕਿ ਇਸ ਦਾ ਨਿਸ਼ਾਨਾ ਕੇਵਲ ਕਿਸਾਨੀ ਮੰਗਾਂ 'ਤੇ ਹੀ ਕੇਂਦ੍ਰਿਤ ਰੱਖਣਾ ਚਾਹੀਦਾ ਹੈ ਅਤੇ ਸੰਘਰਸ਼ਕਾਰੀਆਂ ਨੂੰ "ਖੱਬੇ" ਜਾਂ "ਸੱਜੇ" ਦੇ ਨਜ਼ਰੀਏ ਤੋਂ ਨਹੀਂ ਵੇਖਿਆ ਜਾਣਾ ਚਾਹੀਦਾ। ਉਨ੍ਹਾਂ ਕਿਸਾਨ ਅੰਦੋਲਨ ਦੀ ਸਫ਼ਲਤਾ ਲਈ ਆਪਣੀਆਂ ਸ਼ੁਭ-ਇੱਛਾਵਾਂ ਦਿੱਤੀਆਂ। ਕਾਮਰੇਡ ਹਰਿੰਦਰ ਹੁੰਦਲ ਨੇ ਇਸ ਜ਼ੂਮ-ਮੀਟਿੰਗ ਦਾ ਪ੍ਰਬੰਧ ਕਰਨ ਲਈ ਪ੍ਰਬੰਧਕਾਂ ਦੀ ਸ਼ਲਾਘਾ ਕਰਦਿਆਂ ਹੋਇਆਂ ਸਮਾਜ ਵਿਚ ਔਰਤ ਨੂੰ ਬਣਦਾ ਹੱਕ ਦੇਣ ਦੀ ਵਕਾਲਤ ਕੀਤੀ। ਕਾਮਰੇਡ ਫਰਹਾ ਮਲਿਕ ਨੇ ਔਰਤ ਦੀ ਵਰਤਮਾਨ ਸਥਿਤੀ ਅਤੇ ਉਸ ਵੱਲੋਂ ਲੜੇ ਜਾ ਰਹੇ ਸੰਘਰਸ਼ਾਂ ਦੇ ਹਵਾਲੇ ਨਾਲ ਕਿਹਾ ਕਿ ਇਹ ਸੰਘਰਸ਼ ਪ੍ਰਾਪਤੀਆਂ ਦੇ ਰਾਹ ਉੱਪਰ ਚੱਲ ਰਿਹਾ ਹੈ। ਕੁਮਾਰੀ ਸਿੰਮੀ ਸਹੋਤਾ ਨੇ ਆਪਣੀ ਹਾਜ਼ਰੀ ਦੋ ਕਵਿਤਾਵਾਂ ਨਾਲ ਲਗਾਈ। ਇਸ ਮੌਕੇ ਟਿੱਪਣੀਆਂ ਕਰਨ ਵਾਲਿਆਂ ਵਿਚ ਸੁਰਜੀਤ ਸਹੋਤਾ, ਪ੍ਰੋ. ਜਗੀਰ ਸਿੰਘ ਕਾਹਲੋਂ ਅਤੇ ਹਰਪ੍ਰਿੰਦਰ ਗ਼ਦਰੀ ਸ਼ਾਮਲ ਸਨ। ਪ੍ਰੋਗਰਾਮ ਦੇ ਸਫ਼ਲ ਸੰਚਾਲਨ ਦਾ ਸਿਹਰਾ ਅੰਨਾ ਰੁਗਾਮਸ ਨੂੰ ਜਾਂਦਾ ਹੈ।




## ਅਗਲੇ ਹਫਤੇ ਕੈਨੇਡਾ ਨੂੰ ਅਮਰੀਕਾ ਕੋਲੋਂ ਕੋਵਿਡ-19 ਵੈਕਸੀਨ ਦੀਆਂ 1·5 ਮਿਲੀਅਨ ਡੋਜ਼ਾਂ ਹੋਣਗੀਆਂ ਹਾਸਿਲ : ਫੋਰਟਿਨ

...ਪੰਨਾ 1 ਦਾ ਬਾਕੀ


ਇਸ ਦੇ ਬਦਲੇ ਵਜੋਂ ਕੈਨੇਡਾ ਨੂੰ ਆਉਣ ਵਾਲੇ ਮਹੀਨਿਆਂ ਵਿੱਚ 1.5 ਮਿਲੀਅਨ ਡੋਜ਼ਾਂ ਅਮਰੀਕਾ ਨੂੰ ਮੋੜਨੀਆਂ ਹੋਣਗੀਆਂ ਕਿਉਂਕਿ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਮਈ ਦੇ ਅੰਤ ਤੱਕ ਸਾਰੇ ਬਾਲਗਾਂ ਦੀ ਵੈਕਸੀਨੇਸ਼ਨ ਕਰਵਾਉਦ ਦਾ ਵਾਅਦਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਕੈਨੇਡਾ ਨੇ ਮਾਸ ਇਮਿਊਨਾਈਜ਼ੇਸ਼ਨ ਕੋਸ਼ਿਸ਼ਾਂ ਸਤੰਬਰ ਦੇ ਅੰਤ ਤੱਕ ਮੁਕੰਮਲ ਕਰਨ ਦਾ ਮਨ ਬਣਾਇਆ ਹੈ ਤੇ ਇੱਥੇ ਵੀ ਸਾਰੇ ਯੋਗ ਬਾਲਗਾਂ ਦਾ ਟੀਕਾਕਰਣ ਮੁਕੰਮਲ ਕਰਨ ਦਾ ਤਹੱਈਆ ਪ੍ਰਗਟਾਇਆ ਗਿਆ ਹੈ।

ਅਗਲੇ ਹਫਤੇ ਕੈਨੇਡਾ ਨੂੰ ਫਾਈਜ਼ਰ-ਬਾਇਓਐਨਟੈਕ ਦੀਆਂ 1.2 ਮਿਲੀਅਨ ਡੋਜ਼ਾਂ ਦੀ ਖੇਪ ਮਿਲਣ ਦੀ ਆਸ ਹੈ। ਇਸ ਤੋਂ ਬਾਅਦ ਅਪਰੈਲ ਤੇ ਜੂਨ ਦਰਮਿਆਨ ਕੈਨੇਡਾ ਨੂੰ ਹਰ ਹਫਤੇ ਇੱਕ ਮਿਲੀਅਨ ਡੋਜ਼ਾਂ ਹਾਸਲ ਹੋਣ ਦੀ ਉਮੀਦ ਹੈ। ਅਮਰੀਕਾ ਵੱਲੋਂ ਕੀਤੀ ਜਾਣ ਵਾਲੀ ਡੋਜ਼ਾਂ ਦੀ ਡਲਿਵਰੀ ਤੋਂ ਬਾਅਦ ਐਸਟ੍ਰਾਜ਼ੈਨੇਕਾ ਦੀ ਅਗਲੀ ਖੇਪ ਭਾਰਤ ਵਿੱਚ ਸਥਿਤ ਸੀਰਮ ਇੰਸਟੀਚਿਊਟ ਤੋਂ ਆਪਉਣ ਦੀ ਸੰਭਾਵਨਾ ਹੈ। ਅਪਰੈਲ ਵਿੱਚ ਉੱਥੋਂ ਇਸ ਦੀਆਂ ਇੱਕ ਮਿਲੀਅਨ ਡੋਜ਼ਾਂ ਆ ਸਕਦੀਆਂ ਹਨ। ਬਾਕੀ ਦੀਆਂ 500,000 ਡੋਜ਼ਾਂ ਮਈ ਵਿੱਚ ਆਉਣਗੀਆਂ।

ਇਹ ਅੰਕੜੇ ਇਸ ਗੱਲ ਉੱਤੇ ਆਧਾਰਿਤ ਹਨ ਕਿ ਨਵੀਆਂ ਯੂਰਪੀਅਲ ਤੇ ਭਾਰਤੀ ਐਕਸਪੋਰਟ ਪਾਬੰਦੀਆਂ ਕੈਨੇਡਾ ਦੀ ਸਪਲਾਈ ਨੂੰ ਸੀਮਤ ਨਾ ਕਰਨ। ਫੋਰਟਿਨ ਨੇ ਆਖਿਆ ਕਿ ਉਹ ਇਸ ਸੱਭ ਕਾਸੇ ਉੱਤੇ ਬਾਰੀਕੀ ਨਾਲ ਨਜ਼ਰ ਰੱਖ ਰਹੇ ਹਨ ਪਰ ਅਜੇ ਤੱਕ ਇਨ੍ਹਾਂ ਡਲਿਵਰੀਜ਼ ਵਿੱਚ ਕਿਸੇ ਕਿਸਮ ਦੇ ਅੜਿੱਕੇ ਦੀ ਕੋਈ ਗੁੰਜਾਇਸ਼ ਨਹੀਂ ਹੈ।

## ਮੁਕੰਮਲ ਵੈਕਸੀਨੇਸ਼ਨ ਤੋਂ ਬਾਅਦ ਵੀ ਲੋਕਾਂ ਨੂੰ ਹੋ ਸਕਦਾ ਹੈ ਕੋਵਿਡ-19 : ਰਿਪੋਰਟ

ਟੋਰਾਂਟੋ, 25 ਮਾਰਚ (ਪੋਸਟ ਬਿਊਰੋ) : ਕੈਨੇਡਾ ਵਿੱਚ ਇਸ ਸਮੇਂ ਵੈਕਸੀਨੇਸ਼ਨ ਦਾ ਕੰਮ ਜ਼ੋਰਾਂ ਸ਼ੋਰਾਂ ਨਾਲ ਚੱਲ ਰਿਹਾ ਹੈ ਪਰ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਦੀ ਪੂਰੀ ਸੰਭਾਵਨਾ ਹੈ ਕਿ ਪੂਰੀ ਤਰ੍ਹਾਂ ਵੈਕਸੀਨੇਟ ਹੋਣ ਤੋਂ ਬਾਅਦ ਵੀ ਕੁੱਝ ਕੈਨੇਡੀਅਨ ਕੋਵਿਡ-19 ਤੋਂ ਇਨਫੈਕਟ ਹੋ ਸਕਦੇ ਹਨ।



ਯੂਨੀਵਰਸਿਟੀ ਆਫ ਮੈਨੀਟੋਬਾ ਦੇ ਵਾਇਰੋਲੋਜਿਸਟ ਜੇਸਨ ਕਿੰਡਰਾਚੱਕ ਨੇ ਦੱਸਿਆ ਕਿ ਇਸ ਤਰ੍ਹਾਂ ਦੀਆਂ ਤਥਾ ਕਥਿਤ ਬ੍ਰੇਕਥਰੂ ਇਨਫੈਕਸ਼ਨਜ਼ ਕਿਸੇ ਵੀ ਵੈਕਸੀਨੇਸ਼ਨ ਪ੍ਰਕਿਰਿਆ ਦਾ ਹਿੱਸਾ ਹੀ ਹੁੰਦੀਆਂ ਹਨ ਕਿਉਂਕਿ ਵੈਕਸੀਨਜ਼ 100 ਫੀ ਸਦੀ ਪ੍ਰਭਾਵਸ਼ਾਲੀ ਨਹੀਂ ਹੁੰਦੀਆਂ। ਕਿੰਡਰਾਚੱਕ ਨੇ ਇੱਕ ਇੰਟਰਵਿਊ ਵਿੱਚ ਆਖਿਆ ਕਿ ਹਰ ਕਿਸੇ ਦਾ ਸ਼ਰੀਰ ਕਿਸੇ ਵੀ ਵੈਕਸੀਨੇਸ਼ਨ ਪ੍ਰਤੀ ਵੱਖਰੀ ਪ੍ਰਤੀਕਿਰਿਆ ਪ੍ਰਗਟਾਉਂਦਾ ਹੈ। ਉਨ੍ਹਾਂ ਆਖਿਆ ਕਿ ਇਹ ਵੀ ਸੱਚ ਹੈ ਕਿ ਕੁੱਝ ਲੋਕ ਟੀਕਾਕਰਣ ਦੇ ਬਾਵਜੂਦ ਕੋਵਿਡ-19 ਪਾਜ਼ੀਟਿਵ ਆ ਸਕਦੇ ਹਨ।

ਹਕੀਕਤ ਇਹ ਹੈ ਕਿ ਇਸ ਤਰ੍ਹਾਂ ਦੇ ਮਾਮਲੇ ਕੈਨੇਡਾ ਵਿੱਚ ਨਜ਼ਰ ਵੀ ਆਉਣ ਲੱਗੇ ਹਨ। ਬ੍ਰਿਟਿਸ਼ ਕੋਲੰਬੀਆ ਵਿੱਚ ਸਥਿਤ ਲਾਂਗ ਟਰਮ ਕੇਅਰ ਹੋਮ ਵਿੱਚ ਅਜੇ ਪਿਛਲੇ ਹਫਤੇ ਹੀ ਕੋਵਿਡ-19 ਆਊਟਬ੍ਰੇਕ ਹੋਇਆ ਸੀ ਤੇ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਸ ਦੇ ਸਾਰੇ ਸਟਾਫ ਤੇ ਰੈਜ਼ੀਡੈਂਟਸ ਦਾ ਪਹਿਲਾਂ ਹੀ ਟੀਕਾਕਰਣ ਹੋ ਚੁੱਕਿਆ ਸੀ। ਕਿੰਡਰਾਚੱਕ ਨੇ ਆਖਿਆ ਕਿ ਇਹ ਕੋਈ ਅਲੋਕਾਰੀ ਗੱਲ ਨਹੀਂ ਹੈ ਸਗੋਂ ਇਸ ਤਰ੍ਹਾਂ ਦੇ ਹੋਰ ਮਾਮਲੇ ਦੇਸ਼ ਵਿੱਚ ਹੋਰਨਾਂ ਥਾਂਵਾਂ ਉੱਤੇ ਵੀ ਵੇਖਣ ਨੂੰ ਮਿਲ ਸਕਦੇ ਹਨ।

ਉਨ੍ਹਾਂ ਅੱਗੇ ਆਖਿਆ ਕਿ ਇਸ ਤਰ੍ਹਾਂ ਦੀਆਂ ਬ੍ਰੇਕਥਰੂ ਇਨਫੈਕਸ਼ਨਜ਼ ਬਹੁਤ ਮਾਮੂਲੀ ਹੁੰਦੀਆਂ ਹਨ ਤੇ ਇਹ ਚਿੰਤਾ ਦਾ ਕਾਰਨ ਨਹੀਂ ਹਨ। ਉਨ੍ਹਾਂ ਆਖਿਆ ਕਿ ਕਿਸੇ ਇਲਾਕੇ ਵਿੱਚ ਜਿੰਨੇ ਵੱਧ ਲੋਕ ਵੈਕਸੀਨੇਟ ਹੋ ਜਾਣਗੇ ਓਨੀ ਹੀ ਇਸ ਗੱਲ ਦੀ ਸੰਭਾਵਨਾ ਘੱਟ ਹੈ ਕਿ ਉਸ ਕਮਿਊਨਿਟੀ ਵਿੱਚ ਵਾਇਰਸ ਮੁੜ ਸਿਰ ਚੁੱਕੇ।

## ਓਨਟਾਰੀਓ ਬਜਟ ਤੋਂ ਸਿੱਖਿਆ ਵਰਕਰਜ਼ ਦੀ ਨੁਮਾਇੰਦਗੀ ਕਰਨ ਵਾਲੀਆਂ ਯੂਨੀਅਨਾਂ ਨਾਖੁਸ਼

ਓਨਟਾਰੀਓ, 25 ਮਾਰਚ (ਪੋਸਟ ਬਿਊਰੋ) : ਫੋਰਡ ਸਰਕਾਰ ਵੱਲੋਂ ਪੇਸ਼ ਕੀਤੇ ਬਜਟ ਦੀ ਬਿਜ਼ਨਸ ਤੇ ਹੈਲਥ ਕੇਅਰ ਗਰੁੱਪਸ ਵੱਲੋਂ ਭੂਰੀ ਭੂਰੀ ਪ੍ਰਸ਼ੰਸਾ ਕੀਤੀ ਗਈ ਹੈ ਪਰ ਐਜੂਕੇਸ਼ਨ ਵਰਕਰਜ਼ ਦੀ ਨੁਮਾਇੰਦਗੀ ਕਰਨ ਵਾਲੀਆਂ ਕੁੱਝ ਯੂਨੀਅਨਾਂ ਵੱਲੋਂ ਇਸ ਬਜਟ ਦੀ ਨੁਕਤਾਚੀਨੀ ਕੀਤੀ ਜਾ ਰਹੀ ਹੈ।



ਓਨਟਾਰੀਓ ਦੇ 186 ਬਿਲੀਅਨ ਡਾਲਰ ਦੇ ਖਰਚੇ ਵਾਲੇ ਪਲੈਨ ਵਿੱਚ ਸਿੱਖਿਆ ਦੇ ਖੇਤਰ ਉੱਤੇ ਖਰਚੇ ਦਾ ਕੋਈ ਨਾਮੋ ਨਿਸ਼ਾਨ ਨਹੀਂ ਪਾਇਆ ਗਿਆ। ਕੋਵਿਡ-19 ਨਾਲ ਸਬੰਧਤ 1.6 ਬਿਲੀਅਨ ਡਾਲਰ, ਜੋ ਕਿ ਪਿਛਲੇ ਸਾਲ ਸਿੱਖਿਆ ਖੇਤਰ ਲਈ ਰਾਖਵੇਂ ਰੱਖੇ ਗਏ ਸਨ, ਵਿੱਚੋਂ ਵੀ ਕੁੱਝ ਫੰਡ ਇਸ ਵਾਰੀ ਮੁੜ ਨੰਵਿਆਏ ਨਹੀਂ ਗਏ ਹਨ। ਅਸਲ ਵਿੱਚ ਪਿਛਲੇ ਸਾਲ ਦੀ ਬਹੁਤੀ ਫੰਡਿੰਗ ਫੈਡਰਲ ਸਰਕਾਰ ਤੇ ਸਕੂਲ ਬੋਰਡਜ਼ ਵੱਲੋਂ ਸੀ। ਯੂਨੀਅਨਾਂ ਵੱਲੋਂ ਇੱਕ ਸਾਂਝੇ ਬਿਆਨ ਵਿੱਚ ਆਖਿਆ ਗਿਆ ਹੈ ਕਿ ਇਸ ਤਾਜ਼ਾ ਬਜਟ ਵਿੱਚ ਸਿੱਖਿਆ ਖੇਤਰ ਵੱਲ ਧਿਆਨ ਨਹੀਂ ਦਿੱਤਾ ਗਿਆ ਹੈ। ਇਸ ਬਿਆਨ ਵਿੱਚ ਆਖਿਆ ਗਿਆ ਹੈ ਕਿ ਇਸ ਸਰਕਾਰ ਦਾ ਸਿੱਖਿਆ ਪ੍ਰਤੀ ਕੋਈ ਧਿਆਨ ਨਹੀਂ ਹੈ ਤੇ ਅੱਜ ਤੱਕ ਸਰਕਾਰ ਨੇ ਪਬਲਿਕਲੀ ਫੰਡਿਡ ਸਿੱਖਿਆ ਵਿੱਚ ਨਿਵੇਸ਼ ਕਰਨ ਤੋਂ ਇਨਕਾਰ ਹੀ ਕੀਤਾ ਹੈ। ਇਸ ਨਾਲ ਸਰਕਾਰ ਨੇ ਵਿਦਿਆਰਥੀਆਂ, ਸਿੱਖਿਆ ਵਰਕਰਜ਼ ਤੇ ਪਰਿਵਾਰਾਂ ਨੂੰ ਖਤਰੇ ਵਿੱਚ ਪਾ ਦਿੱਤਾ ਹੈ।

## ਮਾਂ-ਬਾਪ ਨੇ ਕੁੱਤਾ ਘੁੰਮਾਉਣ ਨੂੰ ਕਿਹਾ, ਪੁੱਤਰ ਨੇ ਗਲਾ ਘੁੱਟ ਕੇ ਦੋਵਾਂ ਨੂੰ ਮਾਰ ਦਿੱਤਾ

ਵੈਨਿਸ, 25 ਮਾਰਚ (ਪੋਸਟ ਬਿਊਰੋ)- ਇਟਲੀ ਵਿੱਚ ਇੱਕ ਬਾਡੀ ਬਿਲਡਰ ਬੇਟੇ ਨੇ ਆਪਣੇ ਮਾਂ-ਬਾਪ ਦਾ ਕਤਲ ਇਸ ਲਈ ਕਰ ਦਿੱਤਾ ਕਿ ਉਨ੍ਹਾਂ ਨੇ ਕੁੱਤੇ ਨੂੰ ਬਾਹਰ ਘੁੰਮਾਉਣ ਲਈ ਕਿਹਾ ਸੀ। ਇਹ ਘਟਨਾ ਇਟਲੀ ਦੇ ਸਾਊਥ ਟਾਇਰਾਲ ਸੂਬੇ ਦੇ ਬੋਲਜਾਨੋ ਸ਼ਹਿਰ ਦੀ ਹੈ, ਜਿੱਥੇ ਇਸ ਸਾਲ ਦੇ ਸ਼ੁਰੂ ਵਿੱਚ ਲਾਰਾ ਪੇਰੇਸੇਲੀ ਅਤੇ ਪੀਟਰ ਨਿਊਮੇਅਰ ਦੇ ਲਾਪਤਾ ਹੋਣ ਦੀ ਖਬਰ ਮਿਲੀ ਸੀ। ਇਸ ਦੀ ਜਾਂਚ ਦੌਰਾਨ ਪੁਲਸ ਨੂੰ ਲਾਰਾ ਦੀ ਲਾਸ਼ ਏਡਿਗੇ ਨਦੀ ਵਿੱਚੋਂ ਮਿਲੀ, ਜਦ ਕਿ ਪੀਟਰ ਦਾ ਪਤਾ ਨਹੀਂ ਲੱਗ ਸਕਿਆ। ਲਾਰਾ ਦੇ ਗਲੇ 'ਤੇ ਹੱਥ ਦੇ ਨਿਸ਼ਾਨ ਮਿਲਣ ਦੇ ਬਾਅਦ ਪੁਲਸ ਨੇ ਸ਼ੱਕ ਵਜੋਂ ਉਨ੍ਹਾਂ ਦੇ ਬੇਟੇ ਬੇਨੋ ਨੂੰ ਕਸਟਡੀ ਵਿੱਚ ਲੈ ਲਿਆ, ਜਿਸ ਨੇ ਮਾਂ-ਬਾਪ ਦੇ ਕਤਲ ਦੀ ਗੱਲ ਕਬੂਲ ਕਰ ਲਈ। ਬਾਡੀ ਬਿਲਡਰ ਬੇਨੋ ਨੇ ਦੱਸਿਆ ਕਿ ਪਿਤਾ ਦੇ ਨਾਲ ਕੁੱਤੇ ਨੂੰ ਘੁੰਮਾਉਣ ਬਾਰੇ ਹੋਏ ਝਗੜੇ ਦੇ ਬਾਅਦ ਉਸ ਨੇ ਹੱਥੋਪਾਈ ਦੌਰਾਨ ਉਸ ਨੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਸੀ। ਇਸ ਦੌਰਾਨ ਮਾਂ ਬਚਾਅ ਲਈ ਆਈ ਤਾਂ ਉਸ ਨੂੰ ਵੀ ਮਾਰ ਦਿੱਤਾ।







ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, Angrez Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## 5 ਮਿਲੀਅਨ ਡਾਲਰ ਦੇ ਨਸ਼ੇ ਤੇ ਹਥਿਆਰ ਬਰਾਮਦ

...ਪੰਨਾ 1 ਦਾ ਬਾਕੀ

ਯੌਰਕ ਰੀਜਨਲ ਪੁਲਿਸ ਦੀ ਆਰਗੇਨਾਈਜ਼ਡ ਕ੍ਰਾਈਮ ਯੂਨਿਟ ਦੇ ਇੰਸਪੈਕਟਰ ਜਿੰਮ ਕਿਲਬੀ ਨੇ ਦੱਸਿਆ ਕਿ ਉਨ੍ਹਾਂ ਨੇ 5 ਮਿਲੀਅਨ ਡਾਲਰ ਦੇ ਨਸ਼ੇ ਤੇ ਹਥਿਆਰ ਬਰਾਮਦ ਕੀਤੇ ਹਨ। ਕਿਲਬੀ ਨੇ ਦੱਸਿਆ ਕਿ ਜਾਂਚ ਦੌਰਾਨ ਵੱਡੀ ਮਾਤਰਾ ਵਿੱਚ ਕੋਕੀਨ, ਮੈਥਾਮਫੈਟਾਮਾਈਨ, ਫੈਂਟਾਨਿਲ ਤੇ 30,000 ਦੇ ਨੇੜੇ ਤੇੜੇ ਪ੍ਰਿਸਕ੍ਰਿਪਸ਼ਨ ਵਾਲੀਆਂ ਪਿੱਲਜ਼ ਵੀ ਬਰਾਮਦ ਕੀਤੀਆਂ ਗਈਆਂ। ਇਸ ਦੌਰਾਨ 12 ਗੰਨਜ਼ ਵੀ ਮਿਲੀਆਂ।

ਜ਼ਿਕਰਯੋਗ ਹੈ ਕਿ ਪ੍ਰੋਜੈਕਟ ਹੈਮਰ ਤਹਿਤ 27 ਸਰਚ ਵਾਰੰਟ ਕੱਢਵਾ ਕੇ 18 ਮਾਰਚ ਨੂੰ ਪੂਰੇ ਜੀਟੀਏ ਭਰ ਵਿੱਚ ਛਾਪੇਮਾਰੀ ਕੀਤੀ ਗਈ। ਕੁੱਲ ਮਿਲਾ ਕੇ 35 ਥਾਂਵਾਂ ਉੱਤੇ ਕੀਤੀ ਗਈ ਛਾਪੇਮਾਰੀ ਵਿੱਚ 26 ਵਿਅਕਤੀਆਂ ਨੂੰ ਚਾਰਜ ਕੀਤਾ ਗਿਆ ਹੈ। ਟੋਰਾਂਟੋ ਪੁਲਿਸ ਤੇ ਪ੍ਰੋਵਿੰਸ਼ੀਅਲ ਪੁਲਿਸ ਵੀ ਉਸ ਜਾਂਚ ਦਾ ਹਿੱਸਾ ਹਨ ਜਿਹੜੀ ਇੱਕ ਸਾਲ ਤੋਂ ਵੀ ਪਹਿਲਾਂ ਸ਼ੁਰੂ ਹੋਈ ਸੀ।

## ਵਰਚੂਅਲ ਲਰਨਿੰਗ ਨੂੰ ਸਥਾਈ ਬਦਲ ਬਣਾਉਣ ਬਾਰੇ ਵਿਚਾਰ ਕਰ ਰਹੀ ਹੈ ਓਨਟਾਰੀਓ ਸਰਕਾਰ


ਓਨਟਾਰੀਓ, 25 ਮਾਰਚ (ਪੋਸਟ ਬਿਊਰੋ) : ਸਿੱਖਿਆ ਮੰਤਰੀ ਸਟੀਫਨ ਲਿਚੇ ਦਾ ਕਹਿਣਾ ਹੈ ਕਿ ਜਲਦ ਹੀ ਪ੍ਰੋਵਿੰਸ ਇਸ ਸਬੰਧ ਵਿੱਚ ਐਲਾਨ ਕਰੇਗਾ ਕਿ ਕੀ ਰਿਮੋਟ ਲਰਨਿੰਗ ਨੂੰ ਸਕੂਲ ਸਿਸਟਮ ਵਿੱਚ ਸਥਾਈ ਤੌਰ ਉੱਤੇ ਸ਼ਾਮਲ ਕੀਤਾ ਜਾਵੇ ਜਾਂ ਨਾ।



ਕੁਈਨਜ਼ ਪਾਰਕ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਲਿਚੇ ਨੇ ਆਖਿਆ ਕਿ ਇਸ ਸਮੇਂ ਅਸੀਂ ਆਪਣੇ ਕਈ ਭਾਈਵਾਲਾਂ ਨਾਲ ਇਸ ਸਬੰਧ ਵਿੱਚ ਸਲਾਹ ਮਸ਼ਵਰਾ ਕਰ ਰਹੇ ਹਾਂ ਕਿ ਇਸ ਤਰ੍ਹਾਂ ਦਾ ਸਿਸਟਮ ਕਿਵੇਂ ਤਿਆਰ ਕੀਤਾ ਜਾਵੇ ਜਿਹੜਾ ਨਾ ਸਿਰਫ ਪੂਰੀ ਤਰ੍ਹਾਂ ਸੇਫ ਹੋਵੇ ਤੇ ਸਗੋਂ ਮਾਪਿਆਂ ਲਈ ਵੀ ਚੋਣ ਕਰਨ ਦਾ ਰਾਹ ਮੁਹੱਈਆ ਕਰਾਵੇ। ਪ੍ਰੋਵਿੰਸ ਦੀ ਐਲੀਮੈਂਟਰੀ ਟੀਚਰਜ਼ ਯੂਨੀਅਨ ਨੇ ਵੀ ਇਸ ਰਿਪੋਰਟ ਉੱਤੇ ਪ੍ਰਤਿਕਿਰਿਆ ਪ੍ਰਗਟਾਈ ਕਿ ਫੋਰਡ ਸਰਕਾਰ ਵਰਚੂਅਲ ਲਰਨਿੰਗ ਨੂੰ ਪਰਮਾਨੈਂਟ ਕਰਨ ਜਾ ਰਹੀ ਹੈ।

ਈਟੀਐਫਓ ਦੇ ਪ੍ਰੈਜ਼ੀਡੈਂਟ ਸੈਮ ਹੈਮੰਡ ਦਾ ਕਹਿਣਾ ਹੈ ਕਿ ਇਹ ਪਲੈਨ ਪਬਲਿਕ ਐਜੂਕੇਸ਼ਨ ਉੱਤੇ ਹਮਲਾ ਹੈ ਤੇ ਇਸ ਨਾਲ ਫੰਡ ਪ੍ਰਾਈਵੇਟ ਕੰਪਨੀਆਂ ਨੂੰ ਮੁਹੱਈਆ ਕਰਵਾਏ ਜਾਣਗੇ। ਉਨ੍ਹਾਂ ਆਖਿਆ ਕਿ ਇਸ ਪਲੈਨ ਨਾਲ ਵਿਦਿਆਰਥੀਆਂ ਉੱਤੇ ਵੀ ਨਕਾਰਾਤਮਕ ਅਸਰ ਪਵੇਗਾ ਤੇ ਸਕੂਲਾਂ ਦਾ ਮਿਆਰ ਘੱਟ ਜਾਵੇਗਾ। ਉਨ੍ਹਾਂ ਆਖਿਆ ਕਿ ਵਰਚੂਅਲ ਲਰਨਿੰਗ ਨੂੰ ਕਦੇ ਵੀ ਪਰਮਾਨੈਂਟ ਬਣਾਉਣ ਦਾ ਇਰਾਦਾ ਨਹੀਂ ਸੀ। ਇਹ ਆਰਜ਼ੀ ਮਾਪਦੰਡ ਸੀ ਜਿਨ੍ਹਾਂ ਨੂੰ ਗਲੋਬਲ ਹੈਲਥ ਸੰਕਟ ਦੌਰਾਨ ਐਮਰਜੰਸੀ ਹਦਾਇਤਾਂ ਲਈ ਲਿਆਂਦਾ ਗਿਆ। ਪਰ ਇਹ ਫੋਰਡ ਸਰਕਾਰ ਦਾ ਪਲੈਨ ਕਦੇ ਵੀ ਨਹੀਂ ਸੀ। ਹੁਣ ਇਹ ਸਪਸ਼ਟ ਹੋ ਚੁੱਕਿਆ ਹੈ ਕਿ ਮਹਾਂਮਾਰੀ ਦੌਰਾਨ ਉਹ ਵਰਚੂਅਲ ਲਰਨਿੰਗ ਪਲੈਨ ਉੱਤੇ ਕੰਮ ਕਰ ਰਹੇ ਸੀ ਜਿਸ ਨਾਲ ਫੰਡ ਪਬਲਿਕਲੀ ਫੰਡਿਡ ਐਜੂਕੇਸ਼ਨ ਤੋਂ ਪ੍ਰਾਈਵੇਟ ਕੰਪਨੀਆਂ ਨੂੰ ਦਿੱਤੇ ਜਾ ਸਕਣ।

ਇਹ ਵੀ ਕਨਸੋਆਂ ਹਨ ਕਿ ਇਸ ਸਤੰਬਰ ਤੋਂ ਹੀ ਵਰਚੂਅਲ ਲਰਨਿੰਗ ਓਨਟਾਰੀਓ ਦੇ ਸਕੂਲਾਂ ਦਾ ਸਥਾਈ ਹਿੱਸਾ ਬਣ ਜਾਵੇ। ਸਿੱਖਿਆ ਮੰਤਰਾਲੇ ਦੇ ਇੱਕ ਦਸਤਾਵੇਜ਼ ਅਨੁਸਾਰ ਸਰਕਾਰ ਅਜਿਹਾ ਬਿੱਲ ਲਿਆਉਣ ਬਾਰੇ ਵਿਚਾਰ ਕਰ ਰਹੀ ਹੈ ਜਿਸ ਨਾਲ ਪ੍ਰੋਵਿੰਸ ਵਿੱਚ ਰਿਮੋਟ ਲਰਨਿੰਗ ਸਥਾਈ ਬਦਲ ਬਣ ਜਾਵੇਗੀ। ਜੇ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਪਰਿਵਾਰਾਂ ਕੋਲ ਇਹ ਬਦਲ ਹੋਵੇਗਾ ਕਿ ਉਹ ਆਪਣੇ ਬੱਚਿਆਂ ਨੂੰ ਫੁੱਲ ਟਾਈਮ ਵਰਚੂਅਲ ਲਰਨਿੰਗ ਲਈ ਐਨਰੋਲ ਕਰਵਾ ਸਕਣ। ਪਰ ਲਿਚੇ ਵੱਲੋਂ ਇਸ ਦੀ ਪੁਸ਼ਟੀ ਨਹੀਂ ਕੀਤੀ ਗਈ।






## ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ '23 ਮਾਰਚ ਦੇ ਸ਼ਹੀਦਾਂ' ਤੇ 'ਅੰਤਰਰਾਸ਼ਟਰੀ ਔਰਤ ਦਿਵਸ' ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ



ਬਰੈਂਪਟਨ, (ਡਾ. ਝੰਡ) -23 ਮਾਰਚ 1931 ਨੂੰ ਲਾਹੌਰ ਦੀ ਸੈਂਟਰਲ ਜੇਲ੍ਹ ਵਿਚ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਅੰਗਰੇਜ਼ ਹਕੂਮਤ ਵੱਲੋਂ ਦਿੱਤੀ ਗਈ ਫ਼ਾਸੀ ਦੇ ਸ਼ਹੀਦੀ ਦਿਨ ਨੂੰ ਯਾਦ ਕਰਦਿਆਂ ਹੋਇਆਂ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ ਲੰਘੇ ਐਤਵਾਰ 21 ਮਾਰਚ ਨੂੰ ਹੋਈ ਜ਼ੂਮ-ਮੀਟਿੰਗ ਵਿਚ ਉਨ੍ਹਾਂ ਨੂੰ ਭਾਵ-ਪੂਰਤ ਸ਼ਰਧਾਂਜਲੀ ਅਰਪਿਤ ਕੀਤੀ ਗਈ। ਉਲੀਕੇ ਗਏ ਪ੍ਰੋਗਰਾਮ ਅਨੁਸਾਰ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਜ਼ੂਮ-ਮੀਟਿੰਗ ਵਿਚ ਹਾਜ਼ਰ ਸਮੂਹ ਮੈਂਬਰਾਂ ਤੇ ਮਹਿਮਾਨਾਂ ਦੇ ਰਸਮੀ ਸੁਆਗ਼ਤ ਤੋਂ ਬਾਅਦ ਇਸ ਦੇ ਸੰਚਾਲਕ ਡਾ. ਜਗਮੋਹਨ ਸਿੰਘ ਸੰਘਾ ਵੱਲੋਂ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਨੂੰ ਸ਼ਹੀਦੀ-ਦਿਵਸ ਬਾਰੇ ਜਾਣਕਾਰੀ ਦੇਣ ਲਈ ਬੇਨਤੀ ਕੀਤੀ ਗਈ ਜਿਨ੍ਹਾਂ ਨੇ ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਭਰਪੂਰ ਯੋਗਦਾਨ ਬਾਰੇ ਸੰਖੇਪ ਵਿਚ ਦੱਸਿਆ ਅਤੇ ਉਨ੍ਹਾਂ ਵੱਲੋਂ ਇਕਬਾਲ ਬਰਾੜ ਨੂੰ ਇਨ੍ਹਾਂ ਸ਼ਹੀਦਾਂ ਵੱਲੋਂ ਫਾਂਸੀ ਹੋਣ ਤੋਂ ਕੁਝ ਸਮਾਂ ਪਹਿਲਾਂ ਗਾਏ ਗਏ ਫ਼ਿਲਮ "ਸ਼ਹੀਦ" ਦੇ ਗੀਤ "ਮੇਰਾ ਰੰਗ ਦੇ ਬਸੰਤੀ ਚੋਲਾ" ਸੁਣਾਉਣ ਦੀ ਬੇਨਤੀ ਕੀਤੀ ਜਿਨ੍ਹਾਂ ਨੇ ਆਪਣੀ ਸੁਰੀਲੀ ਆਵਾਜ਼ ਵਿਚ ਇਸ ਨੂੰ ਬੜੇ ਜੋਸ਼ ਨਾਲ ਗਾ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਇਸ ਸਿਲਸਿਲੇ ਨੂੰ ਅੱਗੇ ਤੋਰਦਿਆਂ ਡਾ. ਜਗਮੋਹਨ ਸੰਘਾ ਵੱਲੋਂ ਇਕਬਾਲ ਬਰਾੜ ਨੂੰ ਏਸੇ ਫ਼ਿਲਮ ਦਾ ਇਕ ਹੋਰ ਗੀਤ "ਐ ਵਤਨ ਐ ਵਤਨ, ਹਮ ਕੋ ਤੇਰੀ ਕਸਮ, ਤੇਰੀ ਰਾਹੋਂ ਮੇਂ ਜਾਂ ਤੱਕ ਲੁਟਾ ਜਾਏਂਗੇ" ਦੀ ਸਿਫ਼ਾਰਿਸ਼ ਕੀਤੀ ਗਈ ਜਿਸ ਨੂੰ ਇਸ ਗਾਇਕ ਵੱਲੋਂ ਬਾਖ਼ੂਬੀ ਪੂਰਾ ਕੀਤਾ ਗਿਆ।

ਉੱਪਰਥੱਲੀ ਦੋ ਗੀਤ ਸੁਣਨ ਤੋਂ ਬਾਅਦ ਡਾ. ਸੁਖਦੇਵ ਸਿੰਘ ਝੰਡ ਵੱਲੋਂ 1947 ਤੋਂ ਪਹਿਲਾਂ ਲਾਇਲਪੁਰ (ਹੁਣ ਫ਼ੈਸਲਾਬਾਦ) ਵਿਚ ਚੱਲ ਰਹੇ ਅਖ਼ਬਾਰ 'ਝੰਗ ਸਿਆਲ' ਅਖ਼ਬਾਰ ਦੇ ਸੰਪਾਦਕ ਬਾਂਕੇ ਦਿਆਲ ਵੱਲੋਂ ਲਿਖੇ ਗਏ ਗੀਤ "ਪੱਗੜੀ ਸੰਭਾਲ ਜੱਟਾ, ਪੱਗੜੀ ਸੰਭਾਲ ਓਏ" ਗੀਤ ਨੂੰ ਪਹਿਲੀ ਵਾਰ 22 ਮਾਰਚ 1907 ਨੂੰ ਸ਼ਹੀਦ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਤੇ ਉਨ੍ਹਾ ਦੇ ਸਾਥੀਆਂ ਨੂੰ ਆਪਣੇ ਦਫ਼ਤਰ ਵਿਚ ਹੋਈ ਮੀਟਿੰਗ ਵਿਚ ਸੁਨਾਉਣ ਦੀ ਪਿੱਠ-ਭੂਮੀ ਬਾਰੇ ਸੰਖੇਪ ਵਿਚ ਦੱਸਣ ਤੋਂ ਬਾਅਦ ਇਕਬਾਲ ਬਰਾੜ ਨੂੰ ਇਹ ਗੀਤ ਸੁਨਾਉਣ ਲਈ ਗੁਜ਼ਾਰਿਸ਼ ਕੀਤੀ ਗਈ ਜੋ ਬਰਾੜ ਸਾਹਿਬ ਵੱਲੋਂ ਬਾਖ਼ੂਬੀ ਪੂਰੀ ਕੀਤੀ ਗਈ। ਉਨ੍ਹਾਂ ਇਹ ਵੀ ਦੱਸਿਆ ਕਿ ਇਹ ਗੀਤ ਉਨ੍ਹੀਂ ਦਿਨੀਂ ਸ. ਅਜੀਤ ਸਿੰਘ ਵੱਲੋਂ ਉਸ ਸਮੇਂ ਨੌਂ ਮਹੀਨੇ ਚੱਲੇ "ਪੱਗੜੀ ਸੰਭਾਲ ਜੱਟਾ ਕਿਸਾਨ ਅੰਦੋਲਨ" ਦੌਰਾਨ ਹੋਈਆਂ ਜਨਤਕ-ਮੀਟਿੰਗਾਂ ਵਿਚ ਬੜੇ ਜੋਸ਼ ਨਾਲ ਬੁਲੰਦ ਆਵਾਜ਼ ਵਿਚ ਗਾਇਆ ਗਿਆ ਅਤੇ ਬਹੁਤ ਸਾਰੇ ਲੋਕ ਇਹ ਗੀਤ ਉਨ੍ਹਾਂ ਦਾ ਹੀ ਲਿਖਿਆ ਹੋਇਆ ਸਮਝਣ ਲੱਗ ਪਏ ਸਨ। ਇਸ ਦੇ ਨਾਲ ਹੀ ਉਨ੍ਹਾਂ ਇਸ ਗੀਤ ਦੀ ਇਨ੍ਹੀਂ ਦਿਨੀਂ ਦਿੱਲੀ ਦੀਆਂ ਹੱਦਾਂ 'ਤੇ ਚੱਲ ਰਹੇ ਅਜੋਕੇ ਕਿਸਾਨ ਅੰਦੋਲਨ ਨਾਲ ਜੁੜੀ ਪ੍ਰਸੰਗਿਕਤਾ ਦੀ ਵੀ ਗੱਲ ਕੀਤੀ। ਉਪਰੰਤ, ਡਾ. ਗੁਰਮਿੰਦਰ ਸਿੱਧੂ ਤੇ ਡਾ. ਪ੍ਰਿਤਪਾਲ ਕੌਰ ਚਾਹਲ ਵੱਲੋਂ ਸ਼ਹੀਦ ਭਗਤ ਸਿੰਘ ਤੇ ਉਨ੍ਹਾ ਦੇ ਸਾਥੀਆਂ ਨਾਲ ਜੁੜੀਆਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ ਅਤੇ ਪ੍ਰੋ. ਤਲਵਿੰਦਰ ਸਿੰਘ ਮੰਡ ਅਤੇ ਪਰਮਜੀਤ ਸਿੰਘ ਗਿੱਲ ਵੱਲੋਂ ਸ਼ਹੀਦੀ-ਦਿਵਸ ਸਬੰਧੀ ਜਾਣਕਾਰੀ ਸਾਂਝੀ ਕੀਤੀ ਗਈ।

ਪ੍ਰੋਗਰਾਮ ਦੇ ਦੂਸਰੇ ਪੜਾਅ ਜੋ ਅੰਤਰਰਾਸ਼ਟਰੀ ਔਰਤ ਦਿਵਸ ਨੂੰ ਸਮੱਰਪਿਤ ਸੀ, ਵਿਚ ਕਰਨ ਅਜਾਇਬ ਸਿੰਘ ਵੱਲੋਂ ਔਰਤ ਦਿਵਸ ਦੀ ਅਹਿਮੀਅਤ ਬਾਰੇ ਜ਼ਿਕਰ ਕਰਨ ਤੋਂ ਬਾਅਦ ਇਕਬਾਲ ਬਰਾੜ ਨੂੰ "ਔਰਤ ਨੇ ਜਨਮ ਦੀਆ ਮਰਦੋਂ ਕੋ, ਮਰਦੋਂ ਨੇ ਉਸੇ ਬਾਜ਼ਾਰ ਦੀਆ" ਗੀਤ ਪੇਸ਼ ਕਰਨ ਲਈ ਕਿਹਾ। ਇਸ ਤੋਂ ਬਾਅਦ ਸਭਾ ਦੇ ਲੇਡੀ-ਵਿੰਗ ਦੀ ਕੋਆਰਡੀਨੇਟਰ ਹਰਜਸਪ੍ਰੀਤ ਗਿੱਲ ਵੱਲੋਂ ਅੰਤਰਰਾਸ਼ਟਰੀ ਔਰਤ ਦਿਵਸ ਨਾਲ ਜੋੜ ਕੇ ਕਵੀ-ਦਰਬਾਰ ਦਾ ਸੰਚਾਲਨ ਕੀਤਾ ਗਿਆ ਜਿਸ ਵਿਚ ਬਰੈਂਪਟਨ ਅਤੇ ਜੀਟੀਏ ਦੇ ਹੋਰ ਸ਼ਹਿਰਾਂ ਤੋਂ ਇਲਾਵਾ ਇੰਗਲੈਂਡ, ਭਾਰਤ ਅਤੇ ਕੈਨੇਡਾ ਦੇ ਦੂਰ-ਦੁਰਾਢੇ ਸ਼ਹਿਰਾਂ ਵੈਨਕੂਵਰ, ਸਰੀ (ਬੀਸੀ), ਕੈਲਗਰੀ, ਐਡਮਿੰਟਨ, ਵਿੰਨੀਪੈੱਗ, ਆਦਿ ਸ਼ਹਿਰਾਂ ਤੋਂ ਵੀ ਕਵਿੱਤਰੀਆਂ ਤੇ ਗਾਇਕਾਵਾਂ ਵੱਲੋਂ ਬੜੇ ਉਤਸ਼ਾਹ ਨਾਲ ਭਾਗ ਲਿਆ ਗਿਆ। ਉਨ੍ਹਾਂ ਵੱਲੋਂ ਔਰਤ ਵੱਲੋਂ ਇਸ ਸਮਾਜ ਵਿਚ ਨਿਭਾਈਆਂ ਜਾ ਰਹੀਆਂ ਭੂਮਿਕਾਵਾਂ ਅਤੇ ਦਰਪੇਸ਼ ਸਮੱਸਿਆਵਾਂ ਦੇ ਵੱਖ-ਵੱਖ ਪਹਿਲੂਆਂ ਬਾਰੇ ਆਪਣੀਆਂ ਕਵਿਤਾਵਾਂ ਅਤੇ ਗੀਤ ਪੇਸ਼ ਕੀਤੇ ਗਏ। ਇਨ੍ਹਾਂ ਵਿਚ ਇੰਗਲੈਂਡ ਤੋਂ ਕੁਲਵੰਤ ਕੌਰ ਢਿੱਲੋਂ, ਮੋਹਾਲੀ ਤੋਂ ਡਾ. ਗੁਰਮਿੰਦਰ ਸਿੱਧੂ, ਦਿੱਲੀ ਤੋਂ ਉਰਮਿਲ ਪ੍ਰਕਾਸ਼, ਵੈਨਕੂਵਰ ਤੋਂ ਹਰਚਰਨ ਕੌਰ, ਕੈਲਗਰੀ ਤੋਂ ਗੁਰਦੀਸ਼ ਗਰੇਵਾਲ, ਵਿੰਨੀਪੈੱਗ ਤੋਂ ਪ੍ਰਿਤਪਾਲ ਚਾਹਲ ਤੇ ਮੰਨੂ ਅਤੇ ਬਰੈਂਪਟਨ ਤੋਂ ਨਰਿੰਦਰ ਮੋਮੀ, ਰਛਪਾਲ ਕੌਰ ਗਿੱਲ, ਦਲਬੀਰ ਕੌਰ, ਅਮਰਜੀਤ ਪੰਛੀ, ਮਨਜੀਤ ਸੇਖੋਂ, ਪੁਸ਼ਪਿੰਦਰ ਜੋਸਨ, ਰਮਿੰਦਰ ਵਾਲੀਆ, ਡਾ. ਰਵਿੰਦਰ ਭਾਟੀਆ, ਡਾ. ਕੁਲਦੀਪ ਤੇ ਕਈ ਹੋਰ ਸ਼ਾਮਲ ਸਨ। ਇਸ ਦੇ ਨਾਲ ਹੀ ਮਕਸੂਦ ਚੌਧਰੀ, ਪਰਮਜੀਤ ਢਿੱਲੋਂ, ਸੁਖਦੇਵ ਸਿੰਘ ਝੰਡ, ਤਲਵਿੰਦਰ ਸਿੰਘ ਮੰਡ, ਲਖਬੀਰ ਸਿੰਘ ਕਾਹਲੋਂ, ਨਿਰਵੈਲ ਸਿੰਘ ਅਰੋੜਾ, ਜਗਮੋਹਨ ਸਿੰਘ ਸੰਘਾ, ਜਗਮੀਤ ਸਿੰਘ ਵੱਲੋਂ ਵੀ ਔਰਤ-ਦਿਵਸ ਸਬੰਧੀ ਆਪਣੇ ਵਿਚਾਰ ਕਵਿਤਾਵਾਂ, ਗੀਤਾ ਅਤੇ ਸ਼ਾਬਦਿਕ ਰੂਪ ਵਿਚ ਪੇਸ਼ ਕੀਤੇ ਗਏ।

ਇਨ੍ਹਾਂ ਤੋਂ ਇਲਾਵਾ ਇਸ ਜ਼ੂਮ-ਮੀਟਿੰਗ ਵਿਚ ਸੁਰਜੀਤ ਕੌਰ, ਪਰਮਜੀਤ ਦਿਓਲ, ਹਰਭਜਨ ਕੌਰ ਗਿੱਲ, ਰਿੰਟੂ ਭਾਟੀਆ, ਇੰਜੀ. ਈਸ਼ਰ ਸਿੰਘ, ਐਡਵੋਕੇਟ ਦਰਸ਼ਨ ਸਿੰਘ ਦਰਸ਼ਨ ਨੇ ਵੀ ਆਪਣੀ ਸ਼ਮੂਲੀਅਤ ਦਰਜ ਕਰਵਾਈ। ਮੀਟਿੰਗ ਦੇ ਅਖ਼ੀਰ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਬੜੇ ਭਾਵ-ਪੂਰਤ ਸ਼ਬਦਾਂ ਵਿਚ ਸਮੂਹ ਮੈਂਬਰਾਂ, ਮਹਿਮਾਨਾਂ ਤੇ ਬੁਲਾਰਿਆਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਇਸ ਤਰ੍ਹਾਂ ਮਾਰਚ ਮਹੀਨੇ ਦਾ ਇਹ ਜ਼ੂਮ-ਸਮਾਗ਼ਮ ਸਭਾ ਦੇ ਹੋਰ ਕਈ ਸਮਾਗ਼ਮਾਂ ਵਾਂਗ ਯਾਦਗਾਰੀ ਹੋ ਨਿਬੜਿਆ।

## ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਬਾਰੇ ਜ਼ੂਮ-ਮੀਟਿੰਗ ਵਿਚ ਪ੍ਰੋ. ਜਗਮੋਹਨ ਸਿੰਘ ਅਤੇ ਸਈਦਾ ਦੀਪ ਨੇ ਕੀਤੀ ਸ਼ਮੂਲੀਅਤ

ਬਰੈਂਪਟਨ, (ਡਾ. ਝੰਡ) – ਬਰੈਂਪਟਨ ਵਿਚ ਸਰਗ਼ਰਮ 'ਫ਼ਾਰਮਰਜ਼ ਸਪੋਰਟ ਗਰੁੱਪ' ਵੱਲੋਂ ਲੰਘੇ ਸ਼ਨੀਵਾਰ 20 ਮਾਰਚ ਨੂੰ '23 ਮਾਰਚ ਦੇ ਸ਼ਹੀਦਾਂ' -ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ- ਨੂੰ ਸਮੱਰਪਿਤ ਜ਼ੂਮ-ਮੀਟਿੰਗ ਵਿਚ ਪ੍ਰਸਿੱਧ ਪੰਜਾਬੀ ਵਿਦਵਾਨ, ਬੁੱਧੀਜੀਵੀ ਤੇ ਮਨੁੱਖੀ ਅਧਿਕਾਰਾਂ ਲਈ ਸਰਗ਼ਰਮ ਨੇਤਾ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਨ ਸਿੰਘ ਅਤੇ ਲਾਹੌਰ ਤੋਂ ਮੋਹਤਰਿਮਾ ਸਈਦਾ ਦੀਪ ਮੁੱਖ-ਬੁਲਾਰਿਆਂ ਵਜੋਂ ਰੂ-ਬ-ਰੂ ਹੋਏ। ਜਿੱਥੇ ਪ੍ਰੋ. ਜਗਮੋਹਨ ਸਿੰਘ ਵੱਲੋਂ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਦੀ ਅਜੋਕੇ ਸਮੇਂ ਵਿਚ ਪ੍ਰਸੰਗਕਿਤਾ ਉੱਪਰ ਆਪਣੇ ਵਿਚਾਰ ਪੇਸ਼ ਕੀਤੇ ਗਏ, ਉੱਥੇ ਦੂਸਰੇ ਬੁਲਾਰੇ ਸਈਦਾ ਦੀਪ ਨੇ ਲਾਹੌਰ ਦੇ 'ਸ਼ਾਦਮਨ ਚੌਕ' ਜਿੱਥੇ ਪੁਰਾਣੀ ਜੇਲ੍ਹ ਵਿਚ ਇਨ੍ਹਾਂ ਤਿੰਨਾਂ ਸ਼ਹੀਦਾਂ ਨੂੰ ਫ਼ਾਂਸੀ ਦਿੱਤੀ ਗਈ ਸੀ, ਦੇ ਇਸ ਹਿੱਸੇ ਦਾ ਨਾਂ 'ਸ਼ਹੀਦ ਭਗਤ ਸਿੰਘ ਚੌਂਕ' ਰੱਖਣ ਲਈ ਕੀਤੀ ਗਈ ਜੱਦੋਜਹਿਦ (ਜੋ ਹੁਣ ਵੀ ਜਾਰੀ ਹੈ), ਬਾਰੇ ਜਾਣਕਾਰੀ ਇਸ ਮੀਟਿੰਗ ਵਿਚ ਸ਼ਾਮਲ ਹੋਣ ਵਾਲਿਆਂ ਨਾਲ ਸਾਂਝੀ ਕੀਤੀ।

ਪ੍ਰੋਗਰਾਮ ਦੇ ਆਰੰਭ ਵਿਚ ਦੋਹਾਂ ਬੁਲਾਰਿਆਂ ਬਾਰੇ ਸੰਖੇਪ ਜਾਣਕਾਰੀ ਡਾ. ਕੰਵਲਜੀਤ ਕੌਰ ਵੱਲੋਂ ਦਿੱਤੀ ਗਈ। ਉਪਰੰਤ, ਹਰਿੰਦਰ ਹੁੰਦਲ ਵੱਲੋਂ ਮੁੱਖ-ਬੁਲਾਰੇ ਅਤੇ ਮੀਟਿੰਗ ਵਿਚ ਹਾਜ਼ਰ ਵਿਅੱਕਤੀਆਂ ਦੇ ਰਸਮੀ ਸੁਆਗ਼ਤ ਤੋਂ ਬਾਅਦ ਪ੍ਰੋ. ਜਗਮੋਹਨ ਸਿੰਘ ਨੇ ਆਪਣੀ ਗੱਲ ਸ਼ੁਰੂ ਕਰਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਸੰਕਲਪ 'ਸੰਪੂਰਨ ਆਜ਼ਾਦੀ' ਦਾ ਸੀ ਜੋ ਅਧੂਰਾ ਹੀ ਰਹਿ ਗਿਆ ਹੈ। ਉਹ ਸਮਾਜਵਾਦੀ ਸੋਚ ਤੇ ਸਵੈ-ਵਿਸ਼ਵਾਸ ਵਿਚ ਯਕੀਨ ਰੱਖਦੇ ਸਨ ਅਤੇ ਇਸ ਸੋਚ ਨੂੰ ਸਮੁੱਚੇ ਭਾਰਤ ਵਿਚ ਫ਼ੈਲਾਉਣਾ ਚਾਹੁੰਦੇ ਸਨ, ਅਤੇ ਇਸ ਦੇ ਲਈ ਉਨ੍ਹਾਂ ਪੂਰਾ ਤਾਣ ਲਾਇਆ। ਆਪਣੇ ਸੰਬੋਧਨ ਨੂੰ ਦਿੱਲੀ ਵਿਚ ਚੱਲ ਰਹੇ ਅਜੋਕੇ ਕਿਸਾਨੀ ਅੰਦੋਲਨ ਨਾਲ ਜੋੜਦਿਆਂ ਹੋਇਆਂ ਉਨ੍ਹਾਂ ਕਿਹਾ ਕਿ 1857 ਦੇ ਆਜ਼ਾਦੀ ਦੇ ਪਹਿਲੇ ਸੰਗਰਾਮ ਦੌਰਾਨ ਅੰਦੋਲਨਕਾਰੀ ਆਪਣੇ ਸੰਦੇਸ਼ 'ਰੋਟੀ' ਨੂੰ ਅੱਗੇ ਤੋਂ ਅੱਗੇ ਤੋਰਦਿਆਂ ਹੋਏ ਦਿੰਦੇ ਸਨ। ਅਜੋਕਾ ਕਿਸਾਨੀ ਸੰਘਰਸ਼ ਵੀ ਅਜੋਕੀ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਰੋਜ਼ੀ-ਰੋਟੀ ਅਤੇ ਉਨ੍ਹਾਂ ਦੀ ਭਵਿੱਖਮਈ ਹੋਂਦ ਦੀ ਖ਼ਾਤਰ ਹੀ ਆਰੰਭ ਹੋਇਆ ਹੈ। ਉਨ੍ਹਾਂ ਅਨੁਸਾਰ ਇਹ ਸ਼ਾਂਤਮਈ ਅੰਦੋਲਨ ਸੂਝਮਈ ਕਿਸਾਨ ਆਗੂਆਂ ਦੀ ਅਗਵਾਈ ਵਿਚ ਬਾਖ਼ੂਬੀ ਚੱਲ ਰਿਹਾ ਹੈ। ਉਨ੍ਹਾਂ ਸ. ਭਗਤ ਸਿੰਘ ਵੱਲੋਂ ਨਨਕਾਣਾ ਸਾਹਿਬ ਦੇ 21 ਫ਼ਰਵਰੀ 1921 ਦੇ ਸ਼ਹੀਦੀ ਸਾਕੇ ਤੋਂ ਬਾਅਦ ਰੋਸ ਵਜੋਂ ਆਮ ਲੋਕਾਂ (ਜੋ ਬਾਅਦ ਵਿਚ 'ਅਕਾਲੀ' ਅਖਵਾਏ) ਵਾਂਗ ਖ਼ੁਦ ਵੀ ਕਾਲ਼ੀ ਪੱਗੜੀ ਬੰਨ੍ਹਣ ਦਾ ਜ਼ਿਕਰ ਕੀਤਾ। ਇਸ ਦੇ ਨਾਲ਼ ਹੀ ਉਨ੍ਹਾਂ ਸਿੱਖਾਂ ਦੇ ਨੌਵੇਂ ਗੁਰੂ ਤੇਗ਼ ਬਹਾਦਰ ਜੀ ਦੀ ਦਿੱਲੀ ਵਿਚ ਹੋਈ ਸ਼ਹੀਦੀ ਤੋਂ ਪਹਿਲਾਂ ਉਨ੍ਹਾਂ ਵੱਲੋਂ ਉਚਾਰੇ ਗਏ ਦੋ ਸਲੋਕਾਂ ਦਾ ਵੀ ਬਾਖ਼ੂਬੀ ਬਿਆਨ ਕੀਤਾ ਜਿਨ੍ਹਾਂ ਵਿਚ ਗੁਰੂ ਸਾਹਿਬ ਪਹਿਲੇ ਸਲੋਕ ਵਿਚਲੇ "ਬਲ ਛੁਟਕਿਓ ਬੰਧਨ ਪਰੈ ਕਛੂ ਨਾ ਹੋਤਿ ਉਪਾਏ" ਦੇ ਜੁਆਬ ਵਿਚ ਦੂਸਰੇ ਸਲੋਕ ਵਿਚ ਮਨੁੱਖ ਦੀ ਚੜ੍ਹਦੀ ਕਲਾ ਦੇ ਪ੍ਰਤੀਕ "ਬਲ ਹੋਆ ਬੰਧਨ ਛੁਟੈ ਸਭ ਕਿਛ ਹੋਤਿ ਉਪਾਏ" ਦਾ ਉਚਾਰਨ ਕਰਦੇ ਹਨ।

ਮੀਟਿੰਗ ਦੇ ਦੂਸਰੇ ਭਾਗ ਦੇ ਬੁਲ-ਾਰੇ ਮੋਹਤਰਿਮਾ ਸਈਦੀ ਦੀਪ ਦੇ ਸਨਮਾਨ ਵਿਚ ਸ਼ਮਸ਼ਾਦ ਸ਼ਮਸ ਵੱਲੋਂ ਕਹੇ ਗਏ ਸੁਆਗ਼ਤੀ ਸ਼ਬਦਾਂ ਤੋਂ ਬਾਅਦ ਉਨ੍ਹਾਂ ਵੱਲੋਂ ਛੇੜੇ ਗਏ ਮੁੱਦੇ ਲਾਹੌਰ ਵਿਚ ਸ਼ਾਮਦਨ ਚੌਂਕ ਦਾ ਨਾਂ ਬਦਲ ਕੇ 'ਸ਼ਹੀਦ ਭਗਤ ਸਿੰਘ ਚੌਂਕ' ਰੱਖਣ ਦੀ ਜੱਦੋਜਹਿਦ ਦੇ ਮੁੱਦੇ ਨੂੰ ਹਾਜ਼ਰੀਨ ਨੇ ਬੜੀ ਉਤਸੁਕਤਾ ਨਾਲ ਸੁਣਿਆਂ। ਆਪਣੇ ਸੰਬੋਧਨ ਵਿਚ ਉਨ੍ਹਾਂ ਕਿਹਾ ਕਿ ਉਹ 2003 ਤੋਂ ਇਸ ਦੇ ਲਈ ਆਪਣੇ ਹਮਖ਼ਿਆਲ ਵਿਅੱਕਤੀਆਂ ਦੇ ਸਹਿਯੋਗ ਨਾਲ ਇਸ ਦੇ ਲਈ ਸਿਰਤੋੜ ਕੋਸ਼ਿਸ਼ਾਂ ਕਰ ਰਹੇ ਹਨ ਪਰ ਕੁਝ ਕੱਟੜਪੰਥੀ ਮੁੱਲਾਂ ਤੇ ਮੌਲਾਣਿਆਂ ਵੱਲੋਂ ਅਦਾਲਤ ਵਿਚ ਕੀਤੇ ਗਏ ਕੇਸ ਕਾਰਨ ਇਹ ਮਾਮਲਾ ਅੱਗੇ ਹੀ ਅੱਗੇ ਲਟਕਦਾ ਜਾ ਰਿਹਾ ਹੈ। ਉਨ੍ਹਾਂ 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦੇ ਜਨਮ-ਦਿਵਸ 'ਤੇ ਪ੍ਰੋ. ਜਗਮੋਹਨ ਸਿੰਘ ਅਤੇ ਹੋਰ ਸਾਥੀਆਂ ਨੂੰ ਲਾਹੌਰ ਆਉਣ ਅਤੇ ਉੱਥੇ ਭਗਤ ਸਿੰਘ ਦਾ ਜਨਮ-ਦਿਨ ਸਾਂਝੇ ਤੌਰ 'ਤੇ ਮਨਾਉਣ ਅਤੇ ਉੱਥੇ ਇਸ ਮੌਕੇ ਇਹ ਮੰਗ ਹੋਰ ਵੀ ਜ਼ੋਰਦਾਰ ਢੰਗ ਨਾਲ ਉਠਾਉਣ ਦਾ ਸੱਦਾ ਦਿੱਤਾ। ਇਸ ਸਬੰਧੀ ਕੀਤੇ ਗਏ ਇਕ ਸੁਆਲ ਦੇ ਜੁਆਬ ਵਿਚ ਉਨ੍ਹਾਂ ਕਿਹਾ ਕਿ ਪਾਕਿਸਤਾਨ ਦੀਆਂ ਪਹਿਲੀਆਂ ਹਕੂਮਤਾਂ ਵਾਂਗ ਅਜੋਕੀ ਹਕੂਮਤ ਵੀ ਇਸ ਸਬੰਧੀ ਸੁਹਿਰਦ ਨਹੀਂ ਲੱਗਦੀ ਅਤੇ ਲੱਗਭੱਗ ਸਾਰੀਆਂ ਪਾਰਟੀਆਂ ਹੀ ਕੱਟੜਪੰਥੀਆਂ ਦੇ ਪ੍ਰਭਾਵ ਹੇਠ ਹਨ।

ਇਸ ਜ਼ੂਮ-ਮੀਟਿੰਗ ਦਾ ਸੰਚਾਲਨ ਪ੍ਰੋ. ਜਗੀਰ ਸਿੰਘ ਕਾਹਲੋਂ ਵੱਲੋਂ ਕੀਤਾ ਗਿਆ। ਡਾ. ਹਰਦੀਪ ਸਿੰਘ ਅਟਵਾਲ ਵੱਲੋਂ ਮਹਿਮਾਨ ਬੁਲਾਰਿਆਂ ਅਤੇ ਮੀਟਿੰਗ ਵਿਚ ਸ਼ਾਮਲ ਹੋਣ ਵਾਲਿਆਂ ਦਾ ਧੰਨਵਾਦ ਕੀਤਾ ਗਿਆ। ਇਸ ਦੇ ਨਾਲ ਹੀ ਉਨ੍ਹਾਂ ਲੁਧਿਆਣੇ ਵਿਚ ਸ਼ਹੀਦ ਸੁਖਦੇਵ ਥਾਪਰ ਦੇ ਜੱਦੀ-ਘਰ ਨੂੰ ਸ਼ਹੀਦੀ ਯਾਦਗਾਰ ਬਨਾਉਣ ਲਈ ਕੀਤੇ ਗਏ ਯਤਨਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਵਿਚਾਰ ਦੋਹਾਂ ਬੁਲਾਰਿਆਂ ਨਾਲ ਸੰਵਾਦ ਰਚਾਉਣ ਵਾਲਿਆਂ ਵਿਚ ਸ਼ਹੀਦ ਭਗਤ ਸਿੰਘ ਦੇ ਪਰਿਵਾਰਕ ਮੈਂਬਰ ਅੰਮ੍ਰਿਤ ਢਿੱਲੋਂ, ਡਾ. ਹਰਦੀਪ ਸਿੰਘ ਅਟਵਾਲ, ਮਲਕੀਅਤ ਸਿੰਘ, ਹਰਪਰਮਿੰਦਰਜੀਤ ਗ਼ਦਰੀ, ਡਾ. ਸੁਖਦੇਵ ਸਿੰਘ ਝੰਡ, ਰਵਿੰਦਰ ਸਹਿਰਾਅ, ਹਰਿੰਦਰ ਹੁੰਦਲ, ਜਸਵੀਰ ਮੰਗੂਵਾਲ, ਪਰਮਿੰਦਰ ਸਵੈਚ ਤੇ ਕਈ ਹੋਰ ਸ਼ਾਮਲ ਸਨ। 'ਪੰਜਾਬੀ ਦੁਨੀਆਂ' ਟੀ.ਵੀ. ਵੱਲੋਂ ਇਸ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਨ ਕੀਤਾ ਗਿਆ।



## ਅਮਰੀਕੀ ਐਡਮਿਰਲ ਨੇ ਕਿਹਾ: ਚੀਨ ਤੇ ਭਾਰਤ ਵਿਚਾਲੇ ਬੇਭਰੋਸਗੀ ਦਾ ਮਾਹੌਲ ਸਿਖਰ ਉੱਤੇ


ਵਾਸ਼ਿੰਗਟਨ, 25 ਮਾਰਚ (ਪੋਸਟ ਬਿਊਰੋ)- ਅਮਰੀਕਾ ਦੇ ਇੱਕ ਚੋਟੀ ਦੇ ਐਡਮਿਰਲ ਨੇ ਕਿਹਾ ਹੈ ਕਿ ਇੱਕ ਪਾਸੇ ਜਿੱਥੇ ਅਮਰੀਕਾ ਅਤੇ ਭਾਰਤ ਵਿਚਾਲੇ ਫੌਜੀ ਸਬੰਧ ਹੁਣ ਤੱਕ ਦੇ ਸਰਵ ਸ਼੍ਰੇਸ਼ਠ ਪੱਧਰ ਉਤੇ ਹਨ, ਉਥੇ ਭਾਰਤ ਤੇ ਚੀਨ ਵਿਚਾਲੇ ਬੇਭਰੋਸਗੀ ਦਾ ਮਾਹੌਲ ਆਪਣੀ ਸਿਖਰ ਉੱਤੇ ਪਹੁੰਚ ਗਿਆ ਹੈ।

ਐਡਮਿਰਲ ਜਾਨ ਸੀ ਐਕਯੂਲੀਨੋ ਨੇ ਦੋਸ਼ ਲਾਇਆ ਕਿ ਹਿੰਦ ਮਹਾਸਾਗਰ ਵਿੱਚ ਚੀਨ ਦੀ ਧੋਖਾ ਦੇਊ ਕਾਰਵਾਈ ਅਤੇ ਪਾਰਦਰਸ਼ਿਤਾ ਵਿੱਚ ਕਮੀ ਨੇ ਇੱਥੇ ਅਸਥਿਰਤਾ ਅਤੇ ਸੁਰੱਖਿਆ ਲਈ ਖਤਰਾ ਪੈਦਾ ਕੀਤਾ ਹੈ। ਉਨ੍ਹਾਂ ਨੇ ਚੀਨ ਨਾਲ ਇੱਕ ਮਹੀਨੇ ਤੱਕ ਚੱਲੇ ਅੜਿੱਕੇ ਵਿੱਚ ਆਪਣੀ ਉਤਰੀ ਸਰਹੱਦ ਸੁਰੱਖਿਅਤ ਕਰਨ ਦੀਆਂ ਭਾਰਤ ਦੀਆਂ ਕੋਸ਼ਿਸ਼ਾਂ ਦੀ ਵੀ ਸ਼ਲਾਘਾ ਕੀਤੀ।ਐਡਮਿਰਲ ਐਕਯੂਲੀਨੋ ਨੇ ਅਮਰੀਕਾ ਹਿੰਦ-ਪ੍ਰਸ਼ਾਂਤ ਕਮਾਂਡ ਵਿੱਚ ਕਮਾਂਡਰ ਅਹੁਦੇ ਲਈ ਆਪਣੇ ਨਾਂ ਦੀ ਪੁਸ਼ਟੀ ਲਈ ਹੋਈ ਸੁਣਵਾਈ ਦੌਰਾਨ ਪਾਰਲੀਮੈਂਟ ਦੀ ਹਥਿਆਰਬੰਦ ਸੇਵਾ ਕਮੇਟੀ ਵਿੱਚ ਇਹ ਗੱਲ ਆਖੀ ਹੈ। ਉਨ੍ਹਾਂ ਨੇ ਕਿਹਾ ਕਿ ਅਸਲ ਕੰਟਰੋਲ ਲਾਈਨ (ਐਲ ਏ ਸੀ) ਉੱਤੇ ਹੋਈ ਝੜਪ ਦੇ ਨਤੀਜੇ ਵਜੋਂ ਦੋ-ਪੱਖੀ ਸੰਬੰਧ ਵਿਗੜੇ ਹਨ ਅਤੇ ਭਾਰਤ 'ਵਨ ਬੈਲਟ ਵਨ ਰੋਡ' ਪਹਿਲ ਦੇ ਤਹਿਤ ਚੀਨ ਦੀਆਂ ਸਰਗਰਮੀਆਂ ਬਾਰੇ ਸ਼ੱਕ ਵਿੱਚ ਹੈ। ਪਾਰਲੀਮੈਂਟਮੈਂਬਰਾਂ ਦੇ ਲਿਖਤੀ ਸਵਾਲਾਂ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਪਾਕਿਸਤਾਨ ਦੇ ਗਵਾਦਰ ਅਤੇ ਸ਼੍ਰੀਲੰਕਾ ਦੇ ਹੰਬਨਟੋਟਾ ਵਿੱਚ ਚੀਨ ਦਾ ਰੁਖ਼ ਵੀ ਭਾਰਤ ਲਈ ਚਿੰਤਾ ਦਾ ਵਿਸ਼ਾ ਹੈ ਅਤੇ ਇਹੋ ਹਾਲ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਵੀ ਹੈ। ਹਿੰਦ ਮਹਾਸਾਗਰ ਵਿੱਚ ਚੀਨ ਦੀ ਧੋਖਾ ਦੇਣ ਵਾਲੀ ਕਾਰਵਾਈ ਅਤੇ ਪਾਰਦਰਸ਼ਿਤਾ ਵਿੱਚ ਕਮੀ ਨੇ ਉਥੇ ਅਸਥਿਰਤਾ ਅਤੇ ਸੁਰੱਖਿਆ ਲਈ ਖਤਰਾ ਪੈਦਾ ਕੀਤਾ ਹੈ, ਜਿਸ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224





KAMAL SANDHU
Sales Representative
647.891.0143

RE/MAX GOLD
realtorkamalsandhu@gmail.com
www.arearealtor.com

Looking For a Nest..? Call the Best




CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2455 | 42' |

EXCLUSIVE FOR SALE IN WOODSTOCK




CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2250 | 36' |

FOR SALE
EXCLUSIVE
JAMES C

KAMAL SANDHU RE/MAX GOLD REALTY INC BROKERAGE

# 'ਜੈ ਜਵਾਨ ਤੇ ਜੈ ਕਿਸਾਨ' ਵਾਲੇ ਦੇਸ਼ ਵਿੱਚ ਏਨੀ ਕੁ ਕਦਰ ਪੈ ਰਹੀ ਹੈ ਕਿਸਾਨ ਦੀ



ਜਤਿੰਦਰ ਪੰਨੂ

ਜੇ ਆਮ ਹਾਲਾਤ ਵਿੱਚ ਕੋਈ ਬੰਦਾ ਇਹ ਕਹਿ ਦੇਵੇ ਕਿ 'ਜੈ ਜਵਾਨ, ਜੈ ਕਿਸਾਨ' ਦੇ ਨਾਅਰੇ ਲਾਉਣ ਵਾਲੇ ਭਾਰਤ ਵਿੱਚ ਕਿਸਾਨ ਦੀ ਕੀਮਤ 'ਮਰੀ ਕੁੱਤੀ' ਦੇ ਬਰਾਬਰ ਵੀ ਨਹੀਂ ਤਾਂ ਕਈ ਲੋਕ ਭੜਕ ਪੈਣਗੇ, ਪਰ ਕਮਾਲ ਦੀ ਗੱਲ ਹੈ ਕਿ ਏਡੀ ਵੱਡੀ ਗੱਲ ਉੱਤੇ ਕੋਈ ਖੰਘਿਆ ਹੀ ਨਹੀਂ। ਏਦਾਂ ਦੀ ਗੱਲ ਕਹਿਣ ਵਾਲਾ ਬੰਦਾ ਵੀ ਸਧਾਰਨ ਨਹੀਂ, ਭਾਰਤ ਦੇ ਇੱਕ ਉੱਤਰ-ਪੂਰਬੀ ਰਾਜ ਮੇਘਾਲਿਆ ਦਾ ਗਵਰਨਰ ਹੈ, ਜਿਸ ਨੇ ਕਿਹਾ ਹੈ ਕਿ 'ਇਸ ਦੇਸ਼ ਵਿੱਚ ਕੁੱਤੀ ਮਰੀ ਤੋਂ ਸ਼ੋਕ ਸੰਦੇਸ਼ ਜਾਰੀ ਹੋ ਜਾਂਦੇ ਹਨ, ਪਰ ਢਾਈ ਸੌ ਕਿਸਾਨ ਮਾਰੇ ਜਾਣ ਉੱਤੇ ਸ਼ੋਕ ਸੰਦੇਸ਼ ਤੱਕ ਜਾਰੀ ਨਹੀਂ ਕੀਤਾ ਗਿਆ ਤਾਂ ਇਹ ਦੁੱਖ ਦੀ ਗੱਲ ਹੈ। ਭਾਰਤ ਦੀ ਸਰਕਾਰ ਨੂੰ ਚਲਾ ਰਹੀ ਪਾਰਟੀ ਭਾਜਪਾ ਤੇ ਉਸ ਦੇ ਪਿੱਛੇ ਖੜੇ ਆਰ ਐੱਸ ਐੱਸ ਦੇ ਆਗੂਆਂ ਦਾ ਕਹਿਣਾ ਹੈ ਕਿ ਕਿਸਾਨਾਂ ਨੂੰ ਸਰਕਾਰ ਦੇ ਖਿਲਾਫ ਭੜਕਾਇਆ ਜਾਂਦਾ ਹੈ, ਕੀ ਉਨ੍ਹਾਂ ਦੇ ਇਸ ਗਵਰਨਰ ਨੂੰ ਵੀ ਵਿਰੋਧੀਆਂ ਨੇ ਭੜਕਾ ਦਿੱਤਾ ਹੈ ਕਿ ਉਹ ਏਡਾ ਅਹੁਦਾ ਦੇਣ ਵਾਲੀ ਸਰਕਾਰ ਦੇ ਵਤੀਰੇ ਖਿਲਾਫ ਬੋਲ ਪਿਆ ਹੈ? ਗਵਰਨਰ ਨੂੰ ਕਿਸੇ ਨੇ ਭੜਕਾਇਆ ਨਹੀਂ, ਉਸ ਦੇ ਅੰਦਰਲਾ ਇੱਕ ਇਨਸਾਨ ਬੋਲਿਆ ਹੈ, ਜਿਵੇਂ ਪਹਿਲਾਂ ਭਾਰਤੀ ਜਨਤਾ ਪਾਰਟੀ ਦਾ ਲੀਡਰ ਸੁਰਜੀਤ ਕੁਮਾਰ ਜਿਆਣੀ ਬੋਲ ਪਿਆ ਸੀ ਕਿ 'ਭਾਜਪਾ ਆਗੂ ਬਾਅਦ ਵਿੱਚ, ਪਹਿਲਾਂ ਮੈਂ ਕਿਸਾਨ ਹਾਂ', ਪਰ ਅਗਲੇ ਦਿਨ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲਣ ਮਗਰੋਂ ਉਹ ਕਿਸਾਨ ਤੋਂ ਪਹਿਲਾਂ ਭਾਜਪਾ ਆਗੂ ਹੋ ਗਿਆ ਸੀ। ਇਸ ਵਾਰੀ ਏਡੀ ਵੱਡੀ ਗੱਲ ਕਹਿਣ ਵਾਲਾ ਗਵਰਨਰ 'ਜਿਆਣਪੁਣਾ' ਕਰਨ ਵਾਲਾ ਨਹੀਂ ਜਾਪਦਾ, ਉਹ ਟਿਕਾਊ ਬੰਦਾ ਹੈ।

ਸਚਾਈ ਇਹ ਹੈ ਕਿ ਕਿਸਾਨਾਂ ਨੂੰ ਕਿਸੇ ਵੱਲੋਂ ਭੜਕਾਇਆ ਨਹੀਂ ਗਿਆ, ਸਰਕਾਰ ਵੱਲੋਂ ਸਤਾਇਆ ਗਿਆ ਹੈ ਤੇ ਸਤਾਉਣ ਦਾ ਇਹ ਅਮਲ ਅੱਜ ਵੀ ਜਾਰੀ ਹੈ। ਪਿਛਲੇ ਦਸਾਂ ਦਿਨਾਂ ਦੇ ਕੇਂਦਰ ਸਰਕਾਰ ਦੀਆਂ ਏਜੰਸੀਆਂ, ਖਾਸ ਤੌਰ ਉਤੇ ਐੱਫ ਸੀ ਆਈ (ਫੂਡ ਕਾਰਪੋਰੇਸ਼ਨ ਆਫ ਇੰਡੀਆ) ਦੇ ਪੈਂਤੜੇ ਪਹਿਲਾਂ ਤੋਂ ਸਹਿਕ ਰਹੇ ਕਿਸਾਨਾਂ ਦੀ ਹੋਰ ਸੰਘੀ ਘੁੱਟਣ ਵਾਲੇ ਹਨ। ਇਨ੍ਹਾਂ ਮੰਦੇ ਫੈਸਲਿਆਂ ਦਾ ਵਿਰੋਧ ਵੀ ਬਥੇਰਾ ਹੁੰਦਾ ਪਿਆ ਹੈ। ਸਿਰਫ ਕਿਸਾਨ ਇਸ ਦਾ ਵਿਰੋਧ ਨਹੀਂ ਕਰਦੇ, ਆੜ੍ਹਤੀਏ ਵੀ ਵਿਰੋਧ ਕਰਦੇ ਹਨ ਅਤੇ ਮੰਡੀਆਂ ਵਿਚਲੇ ਮਜ਼ਦੂਰ ਵੀ ਕਰਦੇ ਪਏ ਹਨ। ਸਰਕਾਰ ਲੋਕਤੰਤਰੀ ਢੰਗ ਨਾਲ ਇਸ ਵਿਰੋਧ ਦੀ ਆਵਾਜ਼ ਨੂੰ ਸੁਣਨ ਦੀ ਬਜਾਏ ਅਗਲੇ ਮਾਰੂ ਕਦਮ ਚੁੱਕਣ ਲੱਗੀ ਹੋਈ ਹੈ।

ਕਿਸਾਨਾਂ ਨਾਲ ਦੁਸ਼ਮਣੀ ਵਾਲੇ ਤਾਜ਼ਾ ਕਦਮਾਂ ਵਿੱਚੋਂ ਇੱਕ ਖੁਰਾਕ ਏਜੰਸੀ ਐੱਫ ਸੀ ਆਈ ਦਾ ਇਹ ਨਵਾਂ ਫੈਸਲਾ ਹੈ ਕਿ ਹਰ ਕਿਸਾਨ ਆਪਣੀ ਜ਼ਮੀਨ ਮਾਲਕੀ ਦੀ ਜਮਾਂਬੰਦੀ ਦੀ ਨਕਲ ਐੱਫ ਸੀ ਆਈ ਦੀ ਵੈੱਬਸਾਈਟ ਉੱਤੇ ਅਪਲੋਡ ਕਰੇ ਤੇ ਨਾਲ ਬੈਂਕ ਖਾਤਾ ਦੱਸੇ, ਤਾਂ ਕਿ ਉਸ ਦੀ ਵੇਚੀ ਫਸਲ ਦੇ ਪੈਸੇ ਸਿੱਧੇ ਬੈਂਕ ਖਾਤੇ ਵਿੱਚ ਜਾ ਸਕਣ। ਵੇਖਣ ਨੂੰ ਇਹ ਕਿਸਾਨ ਹਿਤੈਸ਼ੀ ਫੈਸਲਾ ਜਾਪਦਾ ਹੈ, ਪਰ ਅਸਲ ਵਿੱਚ ਕਿਸਾਨਾਂ ਦੀ ਵੱਡੀ ਗਿਣਤੀ ਦੀ ਫਸਲ ਵਿਕਣ ਤੋਂ ਰੋਕਣ ਤੱਕ ਜਾ ਸਕਦਾ ਹੈ। ਬਹੁਤ ਸਾਰੇ ਛੋਟੇ ਕਿਸਾਨਾਂ ਕੋਲ ਆਪਣੀ ਜ਼ਮੀਨ ਥੋੜ੍ਹੀ ਹੈ ਅਤੇ ਦੂਸਰਿਆਂ



ਦੀ ਜ਼ਮੀਨ ਠੇਕੇ ਜਾਂ ਹਿੱਸੇ ਉੱਤੇ ਲੈ ਕੇ ਖੇਤੀ ਕਰਦੇ ਹਨ। ਉਹ ਆਪਣੀ ਫਸਲ ਨਹੀਂ ਵੇਚ ਸਕਣਗੇ, ਕਿਉਂਕਿ ਉਨ੍ਹਾਂ ਕੋਲ ਜ਼ਮੀਨ ਦੀ ਮਾਲਕੀ ਕੋਈ ਨਹੀਂ ਤੇ ਜ਼ਮੀਨ ਮਾਲਕ ਦੇ ਖਾਤੇ ਵਿੱਚ ਫਸਲ ਲਿਖਵਾ ਕੇ ਵੇਚਣ ਲਈ ਤਰਲਾ ਕੱਢਣਗੇ ਤਾਂ ਇਸ ਦੇ ਬਦਲੇ ਜ਼ਮੀਨਾਂ ਵਾਲੇ ਮਾਲਕਾਂ ਵਿੱਚੋਂ ਕੁਝ ਏਹੋ ਜਿਹੇ ਹੋਣਗੇ, ਜਿਹੜੇ ਇਸ ਮਜਬੂਰੀ ਵਿੱਚ ਕਿਸਾਨ ਦੀ ਛਿੱਲ ਲਾਹੁਣਗੇ। ਕਈ ਕਿਸਾਨਾਂ ਕੋਲ ਐੱਨ ਆਰ ਆਈ ਭਰਾਵਾਂ ਦੀ ਜ਼ਮੀਨ ਹੈ, ਐੱਨ ਆਰ ਆਈ ਇਸ ਵਕਤ ਭਾਰਤ ਵਿੱਚ ਨਹੀਂ ਅਤੇ ਜਦ ਤੱਕ ਜ਼ਮੀਨ ਦੇ ਮਾਲਕ ਐੱਨ ਆਰ ਆਈ ਉਸ ਫਸਲ ਨੂੰ ਆਪਣੇ ਖਾਤੇ ਵਿੱਚ ਲਿਖਾਉਣ ਲਈ ਏਥੇ ਨਾ ਆਉਣਗੇ, ਕਿਸਾਨ ਦੀ ਫਸਲ ਵਿਕਣ ਦਾ ਕੋਈ ਰਾਹ ਨਹੀਂ ਲੱਭ ਸਕੇਗਾ। ਤੀਸਰੀ ਗੱਲ ਇਹ ਕਿ ਪੰਜਾਬ ਦੇ ਬਹੁਤ ਸਾਰੇ ਪਰਵਾਰਾਂ ਵਿੱਚ ਬਾਪੂ ਦੇ ਜਿਉਂਦੇ ਹੁੰਦੇ ਤੋਂ ਸਾਰੀ ਜ਼ਮੀਨ ਦੀ ਜ਼ਬਾਨੀ ਵੰਡ ਹੁੰਦੀ ਹੈ, ਕਾਗਜ਼ਾਂ ਵਿੱਚ ਜ਼ਮੀਨ ਬਾਪੂ ਦੇ ਨਾਂਅ ਰਹਿੰਦੀ ਹੈ ਤੇ ਬਾਪੂ ਦਾ ਕਈ ਵਾਰ ਬੈਂਕ ਖਾਤਾ ਨਹੀਂ ਹੁੰਦਾ, ਉਨ੍ਹਾਂ ਦੀ ਫਸਲ ਵੇਚਣ ਲਈ ਵੀ ਕਈ ਸਮੱਸਿਆਵਾਂ ਆਉਣਗੀਆਂ। ਕਈ ਪਰਵਾਰਾਂ ਨੇ ਪੜਦਾਦੇ ਦੇ ਵਕਤ ਤੋਂ ਅੱਗੇ ਆਪਣੇ ਨਾਂਅ ਇੰਤਕਾਲ ਅਜੇ ਨਹੀਂ ਕਰਵਾਏ, ਉਹ ਵੀ ਫਸ ਜਾਣਗੇ। ਖੜੇ ਪੈਰ ਇਹੋ ਜਿਹੀ ਕਾਗਜ਼ੀ ਕਾਰਵਾਈ ਲਈ ਤਹਿਸੀਲਾਂ ਵੱਲ ਭੱਜਣਗੇ ਤਾਂ ਉਨ੍ਹਾਂ ਦੀ ਮਜਬੂਰੀ ਕਾਰਨ ਓਥੋਂ ਵਾਲੀਆਂ ਗਿਰਝਾਂ ਉਨ੍ਹਾਂ ਦੀ ਚਮੜੀ ਉਧੇੜਨ ਵਾਸਤੇ ਸਰਗਰਮ ਹੋ ਜਾਣਗੀਆਂ। ਐੱਫ ਸੀ ਆਈ ਦਾ ਇਹ ਫੈਸਲਾ ਕਿਸਾਨਾਂ ਦਾ ਰਗੜਾ ਕੱਢ ਦੇਵੇਗਾ।

ਏਸੇ ਖਰੀਦ ਏਜੰਸੀ ਐੱਫ ਸੀ ਆਈ ਨੇ ਜ਼ਮੀਨਾਂ ਦੀਆਂ ਜਮਾਂਬੰਦੀਆਂ ਦੇ ਹੁਕਮ ਕਰਨ ਪਿੱਛੋਂ ਇੱਕ ਕਦਮ ਹੋਰ ਵੀ ਚੁੱਕ ਲਿਆ ਹੈ, ਜਿਹੜਾ ਕਿਸਾਨਾਂ ਦਾ ਨਹਾਉਣ ਕਰ ਦੇਵੇਗਾ। ਇਸ ਵਕਤ ਕਣਕ ਦੀ ਫਸਲ ਪੱਕਣ ਲਈ ਤਿਆਰ ਹੈ ਤਾਂ ਐੱਫ ਸੀ ਆਈ ਨੇ ਫਸਲ ਖਰੀਦ ਲਈ ਨਵੇਂ ਗਰੇਡਾਂ ਦੀ ਸਿਫਾਰਸ਼ ਭੇਜ ਦਿੱਤੀ ਹੈ, ਜਿਸ ਮੁਤਾਬਕ ਨਮੀ ਦੀ ਜਿਹੜੀ ਮਾਤਰਾ ਪਹਿਲਾਂ ਕਣਕ ਵਾਸਤੇ ਚੌਦਾਂ ਫੀਸਦੀ ਹੁੰਦੀ ਸੀ, ਉਹ ਘਟਾ ਕੇ ਬਾਰਾਂ ਫੀਸਦੀ ਕੀਤੀ ਜਾਵੇਗੀ, ਜਿਸ ਨਾਲ ਫਸਲ ਖਰੀਦਣ ਵਾਲੇ ਅਧਿਕਾਰੀਆਂ ਤੇ ਵਪਾਰੀਆਂ ਨੂੰ ਕਿਸਾਨਾਂ ਦਾ ਬਾਂਹ ਮਰੋੜਨ ਦਾ ਮੌਕਾ ਮਿਲੇਗਾ ਤੇ ਕੁਰੱਪਸ਼ਨ ਹੋਰ ਵਧੇਗੀ। ਦੂਸਰੀ ਸਿਫਾਰਸ਼ ਇਹ ਹੈ ਕਿ ਇਸ ਵਿੱਚ ਛੋਟੇ ਰੋੜੇ, ਆਮ ਬੋਲੀ ਵਿੱਚ ਰੋੜ, ਸਿਰਫ ਅੱਧੀ ਫੀਸਦੀ ਹੋਣ ਤਾਂ ਫਸਲ ਦੀ ਖਰੀਦ ਹੋਵੇਗੀ। ਇਸ ਤੋਂ ਪਹਿਲਾਂ ਪੌਣਾ ਫੀਸਦੀ ਤੱਕ ਦਾ ਪੱਧਰ ਸੀ। ਇਸ ਨਾਲ ਕਿਸਾਨਾਂ ਨੂੰ ਫਸਲ ਵਿੱਚ ਇੱਕ ਚੌਥਾਈ ਰੋੜ ਦਾ ਪੱਧਰ ਘਟਾ ਕੇ ਹੋਰ ਖੂੰਜੇ ਲਾਇਆ ਜਾਵੇਗਾ। ਤੀਸਰਾ ਫੈਸਲਾ ਇਹ ਕਿ ਫਸਲ ਵਿੱਚ ਘਾਹ-ਫੂਸ ਆਦਿ ਅੱਗੇ ਤੋਂ ਸਿਰਫ ਜ਼ੀਰੋ ਪੁਆਇੰਟ ਚਾਰ ਫੀਸਦੀ ਪ੍ਰਵਾਨ ਹੋ ਸਕਣਗੇ, ਜਦ ਕਿ ਪਹਿਲੇ ਪੱਧਰ ਮੁਤਾਬਕ ਇਹ ਵਧੇਰੇ ਰੱਖਿਆ ਹੁੰਦਾ ਸੀ। ਚੌਥੀ ਸਿਫਾਰਸ਼ ਇਹ ਕਿ ਕਣਕ ਵਿੱਚ ਟੁੱਟੇ ਹੋਏ ਦਾਣੇ ਵੀ ਚਾਰ ਫੀਸਦੀ ਤੋਂ ਵੱਧ ਹੋਏ ਤਾਂ ਫਸਲ ਨਹੀਂ ਖਰੀਦੀ ਜਾਣੀ, ਜਦ ਕਿ ਪਹਿਲੇ ਸਟੈਂਡਰਡ ਮੁਤਾਬਕ ਇਹ ਛੇ ਫੀਸਦੀ ਹੁੰਦੇ ਸਨ। ਇਹੋ ਜਿਹੇ ਫੈਸਲਿਆਂ ਨਾਲ ਜਿਹੜੇ ਸਟੈਂਡਰਡ ਨਵੇਂ ਮਿਥੇ ਜਾ ਰਹੇ ਹਨ, ਉਨ੍ਹਾਂ ਬਾਰੇ ਐਨ ਓਦੋਂ ਦੱਸਿਆ ਜਾ ਰਿਹਾ ਹੈ, ਜਦੋਂ ਕਣਕ ਤਿਆਰ ਹੋਈ ਜਾਪਦੀ ਹੈ। ਪਿਛਲੇ ਸਾਲ ਹੀ ਏਡੀ ਸਖਤੀ ਕਰਨ ਬਾਰੇ ਦੱਸ ਦਿੱਤਾ ਹੁੰਦਾ ਤਾਂ ਕਿਸਾਨ ਕੋਈ ਹੋਰ ਫਸਲ ਬੀਜਣ ਬਾਰੇ ਸੋਚ ਸਕਦੇ ਸਨ, ਅੱਜ ਖੜੇ ਪੈਰ ਉਹ ਪੱਕੀ ਹੋਈ ਫਸਲ ਦਾ ਕੀ ਕਰਨਗੇ, ਉਨ੍ਹਾਂ ਨੂੰ ਕੋਈ ਦੱਸਣ ਵਾਲਾ ਨਹੀਂ ਹੈ।

ਗੱਲ ਏਨੇ ਫੈਸਲਿਆਂ ਨਾਲ ਵੀ ਮੁੱਕਣ ਵਾਲੀ ਨਹੀਂ, ਸਗੋਂ ਹੋਰ ਅੱਗੇ ਉਸ ਹੱਦ ਤੱਕ ਜਾਂਦੀ ਹੈ, ਜਿਸ ਬਾਰੇ ਕਿਹਾ ਗਿਆ ਹੈ ਕਿ ਖਰੀਦਣ ਵਾਲੀਆਂ ਪ੍ਰਾਈਵੇਟ ਏਜੰਸੀਆਂ ਦੀ ਮੰਗ ਉੱਤੇ ਇਹੋ ਜਿਹੇ ਫੈਸਲੇ ਕਰਨੇ ਪੈ ਸਕਦੇ ਹਨ। ਪੰਜਾਬੀ ਦੇ ਇੱਕ ਪ੍ਰਮੁੱਖ ਅਖਬਾਰ ਨੇ ਖਰੀਦ ਏਜੰਸੀ ਐੱਫ ਸੀ ਆਈ ਦੀਆਂ ਏਦਾਂ ਦੀਆਂ ਸਿਫਾਰਸ਼ਾਂ ਬਾਰੇ ਜਿਹੜਾ ਖੁਲਾਸਾ ਕੀਤਾ ਹੈ, ਉਸ ਨੂੰ ਜਿਸ ਕਿਸੇ ਨੇ ਵੀ ਪੜ੍ਹਿਆ ਹੈ, ਉਹ ਸਮਝ ਗਿਆ ਕਿ ਗੱਲ ਸਿਰਫ ਫਸਲਾਂ ਖਰੀਦਣ ਦੀ ਨਾ ਹੋ ਕੇ ਕਿਸਾਨਾਂ ਨੂੰ ਸਬਕ ਸਿਖਾਉਣ ਤੱਕ ਜਾਂਦੀ ਹੈ। ਭਾਰਤ ਸਰਕਾਰ ਨੂੰ ਚਲਾਉਣ ਵਾਲਿਆਂ ਤੇ ਉਨ੍ਹਾਂ ਦੇ ਪਿੱਛੇ ਖੜੀ 'ਤਾਕਤ' ਵਾਲਿਆਂ ਦਾ ਵਾਰ-ਵਾਰ ਇਹ ਰੱਟ ਲਾਉਣਾ ਕਿ ਕਿਸਾਨਾਂ ਨੂੰ ਭੜਕਾਇਆ ਜਾ ਰਿਹਾ ਹੈ, ਅਸਲ ਵਿੱਚ ਕਿਸਾਨਾਂ ਦਾ ਕਚੂੰਬਰ ਕੱਢਣ ਦੇ ਅਗਲੇ ਕਦਮਾਂ ਲਈ ਦੇਸ਼ ਦੇ ਆਮ ਲੋਕਾਂ ਨੂੰ ਮਾਨਸਿਕ ਤੌਰ ਉੱਤੇ ਤਿਆਰ ਕਰਨ ਵਾਲੀ ਨੀਤੀ ਨੂੰ ਜ਼ਾਹਰ ਕਰਦਾ ਹੈ। ਫਿਰ ਏਦਾਂ ਦੇ ਦੇਸ਼ ਵਿੱਚ ਜੇ ਇਹ ਕਿਹਾ ਜਾ ਰਿਹਾ ਹੈ ਕਿ 'ਜੈ ਜਵਾਨ ਤੇ ਜੈ ਕਿਸਾਨ' ਵਾਲੇ ਦੇਸ਼ ਵਿੱਚ ਅੱਜ ਕਿਸਾਨਾਂ ਦੀ ਕਦਰ 'ਮਰੀ ਕੁੱਤੀ' ਜਿੰਨੀ ਨਹੀਂ ਰਹਿ ਗਈ ਤਾਂ ਕਹਿਣ ਵਾਲਿਆਂ ਦਾ ਕਸੂਰ ਨਹੀਂ, ਹਕੂਮਤਾਂ ਦੇ ਸੁਖ ਮਾਣਨ ਵਾਲਿਆਂ ਦੀਆਂ ਨੀਤੀਆਂ ਦਾ ਉਹ ਪ੍ਰਗਟਾਵਾ ਹੈ, ਜਿਹੜਾ ਸੌ ਪਰਦੇ ਪਾੜ ਕੇ ਵੀ ਬਾਹਰ ਆਈ ਜਾਂਦਾ ਹੈ।

---

## ਕਹਾਣੀ

# ਗੰਨੂ

-ਜੈਨੰਦਨ-

ਦਸ ਬਸੰਤ ਦੇਖਣ ਦੇ ਬਾਅਦ ਪੰਜਵੀਂ ਕਲਾਸ ਤੋਂ ਅੱਗੇ ਪੜ੍ਹਨ ਲਈ ਗੰਨੂ ਨੂੰ ਆਪਣੇ ਚਾਚਾ ਕੋਲ ਸ਼ਹਿਰ ਆਉਣਾ ਪਿਆ। ਪਿੰਡ ਵਿੱਚ ਸਰਕਾਰੀ ਸਕੂਲ ਤੋਂ ਉਪਰ ਦਾ ਸਾਧਨ ਨਹੀਂ ਸੀ। ਪੰਜ ਕੋਹ ਦੂਰ ਇੱਕ ਦੂਸਰੇ ਪਿੰਡ ਮੰਜੌਰ ਵਿੱਚ ਇੱਕ ਖਸਤਾਹਾਲ ਹਾਈ ਸਕੂਲ ਸੀ, ਜਿੱਥੇ ਰੋਜ਼ ਆਉਣ-ਜਾਣ ਅਤੇ ਅੱਗੇ ਪੜ੍ਹਨ ਦਾ 'ਹਾਰੇ ਨੂੰ ਹਰਿਨਾਮ' ਵਾਲਾ ਇੱਕੋ-ਇੱਕ ਬਦਲ ਸੀ। ਉਸ ਦੇ ਕਿਸਾਨ ਪਿਤਾ ਰਾਮਚਰਨ ਨੇ ਲੋਹੇ ਦੇ ਕਾਰਖਾਨੇ ਵਿੱਚ ਕੰਮ ਕਰਦੇ ਆਪਣੇ ਛੋਟੇ ਭਰਾ ਰਾਮਸ਼ਰਨ ਨੂੰ ਕਿਹਾ, "ਗੰਨੂ ਨੂੰ ਅਸੀਂ ਅੱਗੇ ਚੰਗੀ ਤਰ੍ਹਾਂ ਪੜ੍ਹਾਉਣਾ ਚਾਹੁੰਦੇ ਹਾਂ ਛੋਟੇ। ਤੂੰ ਜੇ ਇਸ ਦਾ ਜ਼ਿੰਮਾ ਚੁੱਕ ਲਏਂ ਤਾਂ ਸਾਡੀ ਆਸ ਪੂਰੀ ਹੋ ਜਾਏਗੀ।"

ਦੋਵੇਂ ਭਰਾ ਵਿੱਚ ਬਹੁਤ ਪ੍ਰੇਮ ਸੀ। ਭਰਾ ਰਾਮਸ਼ਰਨ ਨੇ ਕਿਹਾ, "ਜ਼ਰੂਰ ਵੀਰ ਜੀ। ਗੰਨੂ ਦੇ ਅਸੀਂ ਵੀ ਕੁਝ ਲੱਗਦੇ ਹਾਂ, ਕਿਉਂ ਨਹੀਂ ਉਸ ਨੂੰ ਆਪਣੇ ਨਾਲ ਰੱਖਾਂਗੇ? ਇਸੇ ਦਾ ਤਾਂ ਜੋੜੀਦਾਰ ਹੈ ਸਾਡਾ ਛੋਟਾ ਤਰੇਂਗਨ। ਲਿਖਾ ਦੇਵਾਂਗੇ ਅਸੀਂ ਇਸ ਦਾ ਨਾਂਅ ਵੀ ਉਸੇ ਦੇ ਸਕੂਲ ਵਿੱਚ। ਦੋਵੇਂ ਇਕੱਠੇ ਆਇਆ-ਜਾਇਆ ਕਰਨਗੇ।"

ਰਾਮਚਰਨ ਬੜੇ ਖੁਸ਼ ਹੋਏ। ਖੁਸ਼ੀ ਦੇ ਮਾਰੇ ਗੰਨੂ ਦੇ ਅੰਦਰ ਬਹੁਤ ਸਾਰੇ ਸੁਫਨੇ ਖਿੜ ਉਠੇ; ਸ਼ਹਿ ਦੇਖੇਗਾ, ਚੌੜੀਆਂ ਸੜਕਾਂ, ਵੱਡੀਆਂ-ਵੱਡੀਆਂ ਬਿਲਡਿੰਗਾਂ, ਢੇਰ ਸਾਰੀਆਂ ਦੁਕਾਨਾਂ, ਤਰੇਂਗਨ ਵਾਂਗ ਸਕੂਲ ਦੀ ਡ੍ਰੈੱਸ, ਬੈਠਣ ਲਈ ਬੈਂਚ-ਡੈਸਕ, ਚਮਕਾਂ ਮਾਰਦੇ ਫਲੈਟ ਵਿੱਚ ਰਹਿਣ ਦਾ ਮਜ਼ਾ, ਬਿਜਲੀ ਦੀ ਜਗਮਗਾਹਟ, ਘਰ ਵਿੱਚ ਹੀ ਨਹਾਉਣਾ, ਘਰ ਵਿੱਚ ਹੀ ਟਾਇਲੇਟ। ਸਿਰਫ ਇੱਕ ਗੱਲ ਉਸ ਨੂੰ ਰੜਕ ਗਈ ਕਿ ਉਸ ਉਤੇ ਜੀਅ ਜਾਨ ਨਾਲ ਨਿਛਾਵਰ ਕਰਨ ਵਾਲੀ ਮਾਂ ਅਤੇ ਆਪਣੀ ਉਸ ਸਿੱਧੀ-ਸਾਦੀ ਗੋਰੀ ਗਾਂ ਦੀ ਵੱਛੀ ਨਾਲ ਲਿਪਟ ਨਹੀਂ ਸਕੇਗਾ। ਮਾਂ ਸਾਹਮਣੇ ਬਿਠਾ ਕੇ ਖਾਣਾ ਖੁਆਉਂਦੀ ਸੀ ਅਤੇ ਗੋਰੀ ਦੁੱਧ-ਦਹੀਂ ਨਾਲ ਉਸ ਨੂੰ ਤ੍ਰਿਪਤ ਰੱਖਦੀ ਸੀ।

ਗੰਨੂ ਸ਼ਹਿਰ ਆ ਗਿਆ। ਜ਼ਿਲਾ ਨਵਾਦਾ ਦੇ ਆਪਣੇ ਪਿੰਡ ਸੋਨੂੰਬਿਗਹਾ ਤੋਂ ਚਾਰ ਸੌ ਕਿਲੋਮੀਟਰ ਦੂਰ। ਸੁਫਨਿਆਂ ਦੇ ਜਿਵੇਂ ਫੁੱਲ ਖਿੜੇ ਸਨ ਉਸ ਦੇ ਮਨ ਵਿੱਚ, ਉਂਝ ਵੀ ਸਭ ਕੁਝ ਪਾਇਆ ਹੈ ਉਸ ਨੇ ਇੱਥੇ। ਸਕੂਲ ਬਸ ਆਉਂਦੀ, ਜਿਸ ਉੱਤੇ ਆਪਣੇ ਚਚੇਰੇ ਭਰਾ ਤਰੇਂਗਨ ਦੇ ਨਾਲ ਉਹ ਵੀ ਸਵਾਰ ਹੋ ਜਾਂਦਾ। ਰਾਮਸ਼ਰਨ ਨੇ ਕਿਹਾ ਦਿੱਤਾ ਸੀ ਘਰ ਵਿੱਚ, 'ਇਸ ਨਾਲ ਕੋਈ ਵਿਤਕਰਾ ਨਹੀਂ ਹੋਣਾ ਚਾਹੀਦਾ। ਮੇਰੇ ਦਿਆਲੂ-ਕਿਰਪਾਲੂ ਭਰਾ ਦਾ ਲਾਡਲਾ ਬੇਟਾ ਹੈ। ਉਨ੍ਹਾਂ ਨੇ ਇਕੱਲੇ ਖੇਤੀ ਸੰਭਾਲ ਕੇ ਮੈਨੂੰ ਪੜ੍ਹਨ ਦਾ ਮੌਕਾ ਦਿੱਤਾ। ਖੁਦ ਅਨਪੜ੍ਹ ਰਹਿ ਗਏ। ਤਰੇਂਗਨ ਵਾਂਗ ਘਰ ਵਿੱਚ ਹਰ ਚੀਜ਼ ਉੱਤੇ ਗੰਨੂ ਦਾ ਵੀ ਹੱਕ ਰਹੇਗਾ।"

ਤਰੇਂਗਨ ਅਤੇ ਉਸ ਦੀ ਮਾਂ ਨਿਹੋਰਾ ਦੇਵੀ ਨੇ ਪ੍ਰਵਚਨ ਵਾਂਗ ਇੱਕ ਕੰਨ ਵਿੱਚੋਂ ਸੁਣਿਆ ਅਤੇ ਦੂਸਰੇ ਵਿੱਚੋਂ ਕੱਢ ਦਿੱਤਾ। ਉਸ ਦਾ ਇੱਥੇ ਆ ਕੇ ਰਹਿਣਾ ਜ਼ਰਾ ਵੀ ਉਨ੍ਹਾਂ ਦੇ ਗਲੇ ਵਿੱਚੋਂ ਹੇਠਾਂ ਨਹੀਂ ਉਤਰ ਰਿਹਾ ਸੀ। ਤਰੇਂਗਨ ਨੇ ਤਾਂ ਉਸ ਦੇ ਆਉਂਦੇ ਹੀ ਰੋਹਬ ਝਾੜਦੇ ਹੋਏ ਸਾਫ-ਸਾਫ ਹਦਾਇਤ ਕਰ ਦਿੱਤੀ ਸੀ, 'ਤੂੰ ਮੇਰਾ ਕੋਈ ਸਾਮਾਨ ਜਿਵੇਂ ਬੈਟ-ਬਾਲ, ਸਟਿਕ, ਕਿਤਾਬ, ਮੋਬਾਈਲ, ਸਾਈਕਲ ਨੂੰ ਹੱਥ ਨਹੀਂ ਲਾਵੇਂਗਾ, ਜੋ ਤੈਨੂੰ ਚਾਹੀਦੇ ਆਪਣੇ ਚਾਚੇ ਤੋਂ ਮੰਗ ਲੈਣਾ।'

ਨਿਹੋਰਾ ਦੇਵੀ ਵੀ ਖਿਝੀ ਹੋਈ ਸੀ ਕਿ ਬੇਵਜ੍ਹਾ ਉਸ ਦੇ ਬੇਟੇ ਦਾ ਇੱਕ ਹਿੱਸੇਦਾਰ ਲਿਆ ਕੇ ਸਿਰ ਉੱਤੇ ਬੋਝ ਵਧਾ ਦਿੱਤਾ। ਗੰਨੂ ਸਮਝ ਗਿਆ ਕਿ ਚਾਚਾ ਜ਼ਰੂਰ ਉਸ ਦੇ ਹਨ, ਪਰ ਇਹ ਘਰ ਉਸ ਦਾ ਨਹੀਂ। ਚਾਚੀ ਦੇ ਹਰ ਵਤੀਰੇ ਵਿੱਚ ਉਸ ਨੂੰ ਓਪਰੇਪਣ ਦੀ ਝਲਕ ਮਿਲ ਜਾਂਦੀ, ਖਾਣਾ ਖਵਾਉਣ ਵਿੱਚ, ਉਸ ਦੇ ਕੱਪੜੇ ਅਤੇ ਬੂਟ ਪਾਲਿਸ਼ ਵਿੱਚ, ਉਸ ਨਾਲ ਬੋਲਣ-ਚਾਲਣ ਵਿੱਚ, ਉਸ ਨੂੰ ਬਿਨਾਂ ਕਾਰਨ ਵਰਜਦੇ ਰਹਿਣ ਵਿੱਚ।

ਤਰੇਂਗਨ ਨਾਲ ਉਹ ਨੇੜਤਾ ਵਧਾਉਣਾ ਚਾਹੁੰਦਾ ਤਾਂ ਉਹ ਝਿੜਕ ਕੇ ਦੂਰ ਭਜਾ ਦਿੰਦਾ। ਉਹ ਜਦ ਵੀ ਘਰ ਵਿੱਚ ਹੁੰਦਾ ਮੋਬਾਈਲ ਨਾਲ ਚਿਪਕ ਜਾਂਦਾ। ਉਸ ਵਿੱਚੋਂ ਅਜੀਬ-ਅਜੀਬ ਤਰ੍ਹਾਂ ਦੀਆਂ ਆਵਾਜ਼ਾਂ ਆਉਂਦੀਆਂ। ਗੰਨੂ ਨੂੰ ਇਸ ਤਰ੍ਹਾਂ ਦੇ ਮੋਬਾਈਲ ਦੇਖਣ ਦਾ ਕਦੇ ਮੌਕਾ ਨਹੀਂ ਮਿਲਿਆ ਸੀ। ਛੋਟਾ ਮੋਬਾਈਲ ਉਸ ਨੇ ਦੇਖਿਆ ਸੀ, ਜੋ ਬਟਨ ਉੱਤੇ ਉਂਗਲਾਂ ਦਬਾਉਣ ਨਾਲ ਕੰਮ ਕਰਦਾ ਸੀ। ਸਿਰਫ ਛੂਹ ਕੇ ਚੱਲਣ ਵਾਲਾ ਮੋਬਾਈਲ ਸੈਟ ਉਹ ਪਹਿਲੀ ਵਾਰ ਤਰੇਂਗਨ ਦੇ ਹੱਥ ਵਿੱਚ ਦੇਖ ਰਿਹਾ ਸੀ। ਦੋ-ਤਿੰਨ ਵਾਰ ਉਸ ਨੇ ਜ਼ਰਾ ਉਸ ਦੇ ਕੋਲ ਜਾ ਕੇ ਸਮਝਣਾ ਚਾਹਿਆ ਕਿ ਆਖਰ ਛੂਹ ਲੈਣ ਨਾਲ ਇਹ ਮੋਬਾਈਲ ਜਾਦੂ ਕਿਵੇਂ ਕਰ ਰਿਹਾ ਹੈ, ਪਰ ਉਸ ਨੇ ਉਸ ਉੱਤੇ ਜ਼ਰਾ ਵੀ ਨਰਮੀ ਨਹੀਂ ਵਰਤੀ। ਚਾਚੀ ਨੇ ਵੀ ਝਿੜਕ ਦਿੱਤਾ, 'ਤੂੰ ਕਿਉਂ ਵਾਰ-ਵਾਰ ਮੇਰੇ ਪੁੱਤ ਨੂੰ ਤੰਗ ਕਰਦਾ ਰਹਿੰਦਾ ਏਂ। ਕੀ ਇਹੀ ਕੰਮ ਲਈ ਤੂੰ ਇੱਥੇ ਆਇਆ ਏਂ?'

ਉਦਾਸ ਹੋ ਕੇ ਗੰਨੂ ਬਾਲਕਨੀ ਵਿੱਚ ਜਾ ਕੇ ਕਿਤਾਬ-ਕਾਪੀ ਖੋਲ੍ਹ ਲੈਂਦਾ। ਉਸ ਦੇ ਪੜ੍ਹਨ ਦੀ ਥਾਂ ਚਾਚੀ ਨੇ ਬਾਲਕਨੀ ਤੈਅ ਕਰ ਦਿੱਤੀ ਸੀ। ਉਸ ਨੇ ਮਨ ਵਿੱਚ ਧਾਰ ਲਈ ਕਿ ਅੱਗੇ ਤੋਂ ਉਹ ਉਸ ਦੇ ਮੋਬਾਈਲ ਵੱਲ ਜ਼ਰਾ ਵੀ ਅੱਖ ਚੁੱਕ ਕੇ ਨਹੀਂ ਦੇਖੇਗਾ। ਪੜ੍ਹਨ ਆਇਆ ਹੈ ਤਾਂ ਬਸ ਪੜ੍ਹਾਈ ਵਿੱਚ ਮਨ ਲਾਏਗਾ।

ਕਿਸੇ ਤਰ੍ਹਾਂ ਇੱਕ ਸਾਲ ਪੂਰਾ ਹੋ ਗਿਆ ਤੇ ਛੇਵੀਂ ਕਲਾਸ ਦੀ ਸਾਲਾਨਾ ਪ੍ਰੀਖਿਆ ਹੋ ਗਈ। ਨਤੀਜਾ ਨਿਕਲਿਆ ਤਾਂ ਗੰਨੂ ਸੱਠ ਬੱਚਿਆਂ ਵਿੱਚੋਂ ਸਭ ਤੋਂ ਅੱਵਲ। ਤਰੇਂਗਨ ਫੇਲ੍ਹ ਹੁੰਦੇ-ਹੁੰਦੇ ਬਚਿਆ।

ਰਾਮਸ਼ਰਨ ਨੇ ਗੰਨੂ ਦੀ ਪਿੱਠ ਥਪਥਪਾ ਕੇ ਗਲੇ ਨਾਲ ਲਾ ਲਿਆ, "ਵਾਹ ਗੰਨੂ, ਤੂੰ ਕਮਾਲ ਕਰ ਦਿੱਤਾ ਬੇਟਾ। ਦੇਖ ਓ ਤਰੇਂਗਨਾ, ਪਿੰਡ ਤੋਂ ਆ ਕੇ ਇਸ ਨੇ ਸਾਰਿਆਂ ਨੂੰ ਪਿੱਛੇ ਛੱਡ ਦਿੱਤਾ। ਇੱਕ ਤੂੰ ਨਾਲਾਇਕ ਜਿਹਾ ਮੋਬਾਈਲ ਵਿੱਚ ਹੀ ਰੁੱਝਾ ਰਿਹਾ, ਫਾਲਤੂ ਦੀ ਗੇਮ ਖੇਡਦਾ ਰਹਿੰਦਾ ਏਂ। ਮਨ੍ਹਾ ਕਰਦੇ-ਕਰਦੇ ਅਸੀਂ ਥੱਕ ਗਏ ਕਿ ਇਸ ਉਮਰ ਵਿੱਚ ਮੋਬਾਈਲ ਨਾਲ ਚਿਪਕਣਾ ਬਰਬਾਦੀ ਦੀ ਨਿਸ਼ਾਨੀ ਹੈ, ਪਰ ਲਾਡ ਕਾਰਨ ਨਾ ਤੇਰੀ ਮਾਂ ਤੈਨੂੰ ਰੋਕਦੀ ਏ ਅਤੇ ਨਾ ਤੂੰ ਖੁਦ ਰੁਕਦਾ ਏਂ। ਚੱਖ ਲਿਆ ਮਜ਼ਾ। ਕੱਲ੍ਹ ਨੂੰ ਅੱਖਾਂ ਵੀ ਖਰਾਬ ਹੋਣਗੀਆਂ ਅਤੇ ਭਵਿੱਖ ਵੀ ਹਨੇਰਾ ਵਿੱਚ ਜਾਏਗਾ।"

ਗੰਨੂ ਦੀ ਪ੍ਰਸ਼ੰਸਾ ਅਤੇ ਆਪਣੀ ਖਿਚਾਈ ਕਾਰਨ ਅੰਦਰ ਹੀ ਅੰਦਰ ਤਰੇਂਗਨ ਖਿਝ ਕੇ ਰਹਿ ਗਿਆ। ਉਸ ਦੀ ਮਾਂ ਨਿਹੋਰਾ ਨੂੰ ਵੀ ਲੱਗਾ ਕਿ ਬੇਵਜ੍ਹਾ ਇਸ ਮੁੰਡੇ ਕਾਰਨ ਉਸ ਦੇ ਬੱਚੇ ਨੂੰ ਅੱਜ ਫਿਟਕਾਰ ਸੁਣਨੀ ਪਈ ਹੈ। ਦੋਵਾਂ ਨੇ ਗੰਨੂ ਪ੍ਰਤੀ ਆਪਣਾ ਗੁੱਸਾ ਹੋਰ ਵਧਾ ਲਿਆ।

ਗੰਨੂ ਨੂੰ ਆਪਣੇ ਮਾਂ-ਬਾਪ ਅਤੇ ਗੋਰੀ ਗਾਂ ਯਾਦ ਆਉਣ ਲੱਗੀ। ਉਹ ਕਿਵੇਂ ਦੱਸੇ ਉਨ੍ਹਾਂ ਨੂੰ ਉਹ ਕਲਾਸ ਵਿੱਚ ਫਸਟ ਆ ਗਿਆ ਹੈ। ਬਾਪੂ ਉਸ ਨੂੰ ਮੋਢੇ ਉੱਤੇ ਚੁੱਕ ਲੈਂਦੇ ਅਤੇ ਮਾਂ ਉਸ ਨੂੰ ਲਾਡ ਲਡਾਉਂਦੀ ਨਾ ਥੱਕਦੀ। ਮੰਦਰ-ਮੰਦਰ ਘੁੰਮ ਕੇ ਪ੍ਰਮਾਤਮਾ ਦੀ ਕ੍ਰਿਪਾ ਸਮਝ ਕੇ ਦਿਲ ਖੋਲ੍ਹ ਕੇ ਪ੍ਰਸਾਦ ਚੜ੍ਹਾਉਣ ਜਾਂਦੀ। ਗੋਰੀ ਵੀ ਉਸ ਦੀ ਖੁਸ਼ੀ ਨੂੰ ਦੇਖਦੇ ਹੋਏ ਆਪਣਾ ਸਿਰਾ ਹਿਲਾਉਣ ਲੱਗ ਜਾਂਦੀ। ਉਸ ਨੇ ਇਕਾਂਤ ਦੇਖਦੇ ਹੋਏ ਆਪਣੇ ਚਾਚੇ ਨੂੰ ਸਹਿਮਦੇ ਹੋਏ ਕਿਹਾ, "ਚਾਚਾ ਜੀ, ਮੇਰਾ ਬਹੁਤ ਮਨ ਕਰਦਾ ਹੈ ਮਾਂ-ਬਾਪੂ ਅਤੇ ਗੋਰੀ ਗਾਂ ਨੂੰ ਮਿਲਣ ਦਾ?"

"ਠੀਕ ਹੈ, ਅਸੀਂ ਜਾਣ ਦੀ ਫੁਰਸਤ ਕੱਢਦੇ ਹਾਂ। ਜੇ ਨਾ ਜਾ ਸਕੇ ਤਾਂ ਤੇਰੀ ਮੋਬਾਈਲ ਉੱਤੇ ਗੱਲ ਕਰਵਾ ਦਿਆਂਗੇ ਭਰਾ-ਭਾਬੀ ਨਾਲ। ਮੈਂ ਸਮਝਦਾ ਹਾਂ ਗੰਨੂ ਬੇਟਾ ਕਿ ਤੇਰੀ ਖੁਸ਼ੀ ਵਿੱਚ ਉਨ੍ਹਾਂ ਨੂੰ ਵੀ ਹਿੱਸੇਦਾਰ ਹੋਣ ਦਾ ਹੱਕ ਹੈ।"

"ਤੁਸੀਂ ਗੱਲ ਕਿਵੇਂ ਕਰਵਾਓਗੇ, ਉਨ੍ਹਾਂ ਦੇਕੋਲ ਤਾਂ ਮੋਬਾਈਲ ਹੈ ਹੀ ਨਹੀਂ। ਪਿੰਡ ਨਾ ਬਿਜਲੀ ਹੈ, ਨਾ ਮੋਬਾਈਲ ਦਾ ਟਾਵਰ ਹੈ।"

"ਅਖਬਾਰ ਵਿੱਚ ਅਸੀਂ ਪੜ੍ਹਿਆ ਹੈ ਕਿ ਸਰਕਾਰ ਨਵਾਦਾ ਦੇ ਪਿੰਡ-ਪਿੰਡ ਵਿੱਚ ਬਿਜਲੀ ਪਹੁੰਚਾ ਰਹੀ ਹੈ। ਟਾਵਰ ਵੀ ਉਥੇ ਲੱਗ ਚੁੱਕਾ ਹੈ। ਤੇਰੇ ਬਾਪੂ ਨੂੰ ਮੈਂ ਇੱਕ ਮੋਬਾਈਲ ਭਿਜਵਾ ਦਿਆਂਗਾ ਤਾਂ ਕਿ ਉਹ ਤੇਰੇ ਨਾਲ ਗੱਲ ਕਰ ਸਕਣ। ਅਜੇ ਮੈਂ ਇੱਕ ਟਰੇਨਿੰਗ ਦੇ ਲਈ ਕੋਲਕਾਤਾ ਜਾ ਰਿਹਾ ਹਾਂ। ਕੰਪਨੀ ਭੇਜ ਰਹੀ ਹੈ। ਤਿੰਨ-ਦਿਨ ਬਾਅਦ ਮੁੜਾਂਗਾ।"

ਰਾਮਸ਼ਰਨ ਦੇ ਜਾਂਦੇ ਹੀ ਘਰ ਵਿੱਚ ਇੱਕ ਨਵਾਂ ਹੰਗਾਮਾ ਸ਼ੁਰੂ ਹੋ ਗਿਆ। ਤਰੇਂਗਨ ਦਾ ਮੋਬਾਈਲ ਕਿਤੇ ਗਾਇਬ ਹੋ ਗਿਆ। ਘਰ ਦੇ ਚੱਪੇ-ਚੱਪੇ ਨੂੰ ਦੇਖ ਲਿਆ ਗਿਆ। ਜਦ ਕਿਤੇ ਨਹੀਂ ਮਿਲਿਆ ਤਾਂ ਉਂਗਲ ਗੰਨੂ ਵੱਲ ਉਠ ਗਈ। ਤਰੇਂਗਨ ਨੇ ਕਿਹਾ, "ਮੰਮੀ, ਇਸ ਦੀ ਨਜ਼ਰ ਮੇਰੇ ਮੋਬਾਈਲ ਉੱਤੇ ਲੱਗੀ ਸੀ। ਲਾਲਚਾ-ਲਲਚਾ ਕੇ ਦੇਖਦਾ ਰਹਿੰਦਾ ਸੀ। ਮੈਂ ਉਸ ਨੂੰ ਹੱਥ ਨਹੀਂ ਲਾਉਣ ਦਿੱਤਾ ਤਾਂ ਬਦਲਾ ਲੈਣ ਲਈ ਇਸ ਨੇ ਉਸ ਨੂੰ ਚੁੱਕ ਕੇ ਕਿਤੇ ਸੁੱਟ ਦਿੱਤਾ।"

ਇਸ ਤੋਹਮਤ ਉੱਤੇ ਗੰਨੂ ਦੀ ਆਤਮ ਤੱਕ ਕੰਬ ਗਈ। ਨਿਹੋਰਾ ਦੇਵੀ ਨੇ ਗੁੱਸੇ ਭਰੀਆਂ ਨਜ਼ਰਾਂ ਨਾਲ ਦੇਖਦੇ ਹੋਏ ਕਿਹਾ, "ਭਲਾ ਚਾਹੁੰਨੈ ਏਂ ਤਾਂ ਸਹੀ-ਸਹੀ ਦੱਸ ਦੇ, ਨਹੀਂ ਤਾਂ ਅਸੀਂ ਤੇਰਾ ਉਹ ਹਾਲ ਕਰਾਂਗੇ ਕਿ ਤੂੰ ਯਾਦ ਰੱਖੇਂਗਾ। ਫਸਟ ਆਉਣ ਕਾਰਨ ਤੈਨੂੰ ਘੁਮੰਡ ਹੋ ਗਿਐ ਤੈਨੂੰ?"

ਗੰਨੂ ਨੇ ਕੰਬਦੇ ਹੋਏ ਕਿਹਾ, "ਯਕੀਨ ਕਰੋ ਚਾਚੀ, ਮਾਂ ਦੀ ਸਹੁੰ ਕਾ ਕੇ ਕਹਿੰਦਾਂ, ਮੋਬਾਈਲ ਦੇ ਬਾਰੇ ਮੈਨੂੰ ਕੁਝ ਵੀ ਪਤਾ ਨਹੀਂ।"

ਤਰੇਂਗਨ ਨੇ ਉਸ ਦੇ ਢਿੱਡ ਵਿੱਚ ਦੋ-ਤਿੰਨ ਘਸੁੰਨ ਮਾਰ ਦਿੱਤੇ। ਮੋਬਾਈਲ ਦੇ ਬਹਾਨੇ ਜਿਵੇਂ ਉਹ ਉਸ ਦੇ ਫਸਟ ਹੋਣ ਕਾਰਨ ਪੈਦਾ ਹੋਈ ਨਫਰਤ ਤੇ ਪਿਤਾ ਦੀਆਂ ਝਿੜਕਾਂ ਦੀ ਕਸਰ ਕੱਢ ਲੈਣਾ ਚਾਹੁੰਦਾ ਸੀ। ਗੰਨੂ ਤੜਫ ਕੇ ਰਹਿ ਗਿਆ। ਚਾਹੁੰਦਾ ਤਾਂ ਉਹ ਉਸ ਨੂੰ ਚੁੱਕ ਕੇ ਪਟਕ ਦਿੰਦਾ, ਪਰ ਇਹ ਉਸ ਦਾ ਘਰ ਸੀ ਅਤੇ ਸਾਹਮਣੇ ਉਸ ਦੇ ਪੱਖ ਵਿੱਚ ਉਸ ਦੀ ਮਾਂ ਸੀ, ਜਿਸ ਕਾਰਨ ਉਹ ਗਿੱਦੜ ਵਾਂਗ ਹੁੰਦੇ ਹੋਏ ਵੀ ਸ਼ੇਰ ਬਣ ਗਿਆ ਸੀ।

ਉਸ ਦੇ ਲਗਾਤਾਰ ਨਾ ਨਾ ਕਰਨ ਉੱਤੇ ਚਾਚੀ ਨੇ ਉਸ ਨੂੰ ਇੱਕ ਥੱਪੜ ਮਾਰ ਦਿੱਤਾ ਤੇ ਸਟੋਰ ਰੂਮ ਵਿੱਚ ਬੰਦ ਕਰ ਦਿੱਤਾ ਅਤੇ ਕਹਿ ਦਿੱਤਾ ਕਿ "ਜਦ ਤੱਕ ਦੱਸੇਂਗਾ ਨਹੀਂ, ਭੁੱਖਾ-ਪਿਆਸਾ ਬੰਦ ਰਹੇਂਗਾ।"

ਗੰਨੂ ਭੁੱਖਾ ਪਿਆਸਾ ਕਮਰੇ ਵਿੱਚ ਬੰਦਾ ਰੋਂਦਾ-ਕਲਪਦਾ ਰਿਹਾ। ਇੱਕ ਵਾਰ ਫਿਰ ਉਹ ਆਪਣੀ ਮਾਂ ਬਾਪੂ ਤੇ ਗੋਰੀ ਗਾਂ ਨੂੰ ਯਾਦ ਕਰ ਕੇ ਸਹਿਣ ਦੀ ਤਾਕਤ ਇਕੱਠੀ ਕਰਦਾ ਰਿਹਾ। ਮਾਂ ਪੁੱਤ ਦੇ ਜ਼ੁਲਮ ਨੇ ਦੱਸ ਦਿੱਤਾ ਕਿ ਜਦ ਤੱਕ ਚਾਚਾ ਨਹੀਂ ਆਉਣਗੇ, ਇਸ ਨਰਕ ਵਿੱਚੋਂ ਉਸ ਦੀ ਰਿਹਾਈ ਨਹੀਂ ਹੋਵੇਗੀ। ਸੰਯੋਗ ਚੰਗਾ ਸੀ, ਰਾਮਸ਼ਰਨ ਇੱਕ ਦਿਨ ਪਹਿਲਾਂ ਆ ਗਏ ਤੇ ਮਾਸੂਮ ਗੰਨੂ ਉੱਤੇ ਕੀਤੇ ਜਾ ਰਹੇ ਅਤਿਆਚਾਰ ਨੂੰ ਆਪਣੀਆਂ ਅੱਖਾਂ ਨਾਲ ਦੇਖ ਲਿਆ। ਉਸ ਨੂੰ ਕਮਰੇ ਵਿੱਚੋਂ ਕੱਢਦੇ ਹੋਏ ਜਦ ਸਾਰੀ ਗੱਲ ਤੋਂ ਜਾਣੂ ਹੋਏ ਤਾਂ ਬੁਰੀ ਤਰ੍ਹਾਂ ਬਰਸ ਪਏ ਨਿਹੋਰਾ ਅਤੇ ਤਰੇਂਗਨ ਉੱਤੇ।

ਉਨ੍ਹਾਂ ਨੇ ਕਿਹਾ, "ਮੋਬਾਈਲ ਤਾਂ ਮੈਂ ਲੈ ਗਿਆ ਸੀ ਤਾਂ ਕਿ ਇਸ ਚਿਪਕੂ ਲੜਕੇ ਦੀ ਆਦਤ ਛੁਡਾ ਸਕਾਂ। ਇਸ ਦੇ ਹੱਥ ਵਿੱਚ ਅੱਗੇ ਤੋਂ ਮੋਬਾਈਲ ਕਦੇ ਨਹੀਂ ਆਏਗਾ।"

ਆਪਣੇ ਬੈਗ ਵਿੱਚੋਂ ਮੋਬਾਈਲ ਕੱਢਦੇ ਹੋਏ ਇੱਕ ਨੰਬਰ ਡਾਇਲ ਕੀਤਾ ਅਤੇ ਗੰਨੂ ਵੱਲ ਵਧਾਉਂਦੇ ਹੋਏ ਕਿਹਾ, "ਲੈ ਗੰਨੂ, ਆਪਣੇ ਬਾਪੂ ਨਾਲ ਗੱਲ ਕਰ। ਨਵਾਦਾ ਤੋਂ ਇੱਕ ਆਦਮੀ ਟਰੇ-ਨਿੰਗ ਵਿੱਚ ਆਇਆ ਹੋਇਆ ਸੀ। ਉਸ ਦੇ ਹੱਥ ਮੈਂ ਵੀਰ ਜੀ ਦੇ ਲਈ ਇੱਕ ਮੋਬਾਈਲ ਸੈੱਟ ਭਿਜਵਾ ਦਿੱਤਾ ਹੈ। ਉਨ੍ਹਾਂ ਨੂੰ ਮਿਲ ਵੀ ਚੁੱਕਾ ਹੋਵੇਗਾ।"

ਗੰਨੂ ਉਸ ਕਾਤਲ ਮੋਬਾਈਲ ਨੂੰ ਛੂਹਣਾ ਨਹੀਂ ਚਾਹੁੰਦਾ ਸੀ, ਪਰ ਚਾਚਾ ਦਾ ਹੁਕਮ ਸੀ ਅਤੇ ਨਾਲ ਬਾਪੂ ਨਾਲ ਗੱਲ ਕਰਨ ਦੀ ਤਲਬ ਵੀ। ਓਧਰੋਂ ਜਦ ਉਸ ਦੇ ਬਾਪੂ ਰਾਮਚਰਨ ਨੇ ਮਿੱਠੀ ਆਵਾਜ ਵਿੱਚ ਉਸ ਨੂੰ 'ਸੋਨਾ' ਕਿਹਾ ਤਾਂ ਆਵਾਜ਼ ਸੁਣ ਕੇ ਗੰਨੂ ਦੀਆਂ ਅੱਖਾਂ ਭਰ ਆਈਆਂ। ਖੁਦ ਉੱਤੇ ਕਾਬੂ ਕਰਦੇ ਹੋਏ ਕਿਹਾ, "ਮੈਂ ਇੱਥੇ ਠੀਕ ਹਾਂ ਬਾਪੂ, ਤੁਸੀਂ, ਮਾਂ ਅਤੇ ਗੋਰੀ ਕਿਵੇਂ ਹੋ?" ਕਹਿੰਦੇ ਹੋਏ ਗੰਨੂ ਦੀ ਆਵਾਜ਼ ਭਾਰੀ ਹੋ ਗਈ।

ਬਾਪੂ ਨੇ ਕਿਹਾ, "ਤੂੰ ਰੋ ਰਿਹਾ ਏਂ ਗੰਨੂ?"

"ਬਾਪੂ, ਮੈਂ ਵੱਡਾ ਹੋ ਗਿਆ ਹਾਂ, ਸ਼ਹਿਰ ਨੇ ਮੈਨੂੰ ਹੁਸ਼ਿਆਰ ਬਣਾ ਦਿੱਤਾ ਹੈ। ਮੰਜੌਰ ਵਿੱਚ ਜਾ ਸਕਦਾਂ ਪੜ੍ਹਨ ਲਈ। ਸਕੂਲ ਭਾਵੇਂ ਜਿਹੋ ਜਿਹਾ ਮਰਜ਼ੀ ਹੋਵੇ, ਮੈਂ ਉਥੇ ਚੰਗਾ ਪੜ੍ਹ ਲਵਾਂਗਾ। ਤੁਹਾਡਾ, ਮਾਂ ਦਾ ਅਤੇ ਗੋਰੀ ਦਾ ਵਿਛੋੜਾ ਮੇਰੇ ਤੋਂ ਜ਼ਰਿਆ ਨਹੀਂ ਜਾਂਦਾ।"

ਓਧਰੋਂ ਬਾਪੂ ਨੇ ਕਿਹਾ, "ਮੈਂ ਸਮਝ ਗਿਆ ਪੁੱਤ। ਕੱਲ੍ਹ ਹੀ ਮੈਂ ਗੱਡੀ ਫੜ ਕੇ ਆ ਰਿਹਾ ਹਾਂ ਤੈਨੂੰ ਲੈਣ ਲਈ।"

ਰਾਮਸ਼ਰਨ, ਨਿਹੋਰਾ ਦੇਵੀ ਅਤੇ ਤਰੇਂਗਨ ਗੁਨਾਹਗਾਰ ਦੀ ਤਰ੍ਹਾਂ ਅਵਾਕ ਦੇਖਦੇ ਰਹਿ ਗਏ ਉਸ ਨੂੰ।

---

# ਮਾਪੇ ਕਹਿੰਦੇ: ਜਦੋਂ ਤੁਸੀਂ ਆਪ ਮਾਪੇ ਬਣੋਗੇ ਤਾਂ...

-ਗੋਵਰਧਨ ਗੱਬੀ

ਜਦੋਂ ਅਸੀਂ ਜਵਾਨ ਹੋਣਾ ਸ਼ੁਰੂ ਹੁੰਦੇ ਹਾਂ ਤਾਂ ਅਕਸਰ ਸਭ ਤੋਂ ਪਹਿਲਾਂ ਆਪਣੇ ਮਾਪਿਆਂ ਨਾਲ ਉਲਝਦੇ, ਲੜਦੇ, ਝਗੜਦੇ, ਰੁੱਸਦੇ ਤੇ ਨਾਰਾਜ਼ ਹੁੰਦੇ ਹਾਂ। ਸਦੀਆਂ ਤੋਂ ਹਰ ਨਵੀਂ ਪੀੜ੍ਹੀ ਆਪਣੇ ਮਾਪਿਆਂ ਨੂੰ ਆਪਣੇ ਤੋਂ ਘੱਟ ਸਮਝਦੀ ਆ ਰਹੀ ਹੈ। ਫਿਰ ਐਸਾ ਸਮਾਂ ਆਉਂਦਾ ਹੈ ਕਿ ਅਸੀਂ ਮਾਪਿਆਂ ਨੂੰ ਹੱਦ ਤੋਂ ਵੱਧ ਸਤਾਉਣਾ ਸ਼ੁਰੂ ਕਰ ਦਿੰਦੇ ਹਾਂ ਤੇ ਸਾਨੂੰ ਉਨ੍ਹਾਂ ਦੇ ਮੂੰਹ ਤੋਂ ਅਕਸਰ ਇਹ ਬੋਲ ਸੁਣਨ ਨੂੰ ਮਿਲਦੇ ਹਨ, 'ਤੁਹਾਨੂੰ ਤਦ ਸਮਝ ਆਵੇਗੀ, ਜਦੋਂ ਤੁਸੀਂ ਆਪ ਮਾਪੇ ਬਣੋਗੇ।' ਇਹ ਬੋਲ ਮੈਂ ਵੀ ਆਪਣੇ ਮਾਪਿਆਂ ਤੋਂ ਕਈ ਵਾਰ ਸੁਣੇ ਸਨ। ਅੱਜ ਇਹੀ ਬੋਲ ਕਈ ਵਾਰ ਮੈਂ ਆਪਣੇ ਬੱਚਿਆਂ ਨੂੰ ਬੋਲ ਦੇਂਦਾ ਹਾਂ। ਮੈਨੂੰ ਪੂਰੀ ਆਸ ਹੀ ਨਹੀਂ, ਸਗੋਂ ਪੂਰਾ ਯਕੀਨ ਹੈ ਕਿ ਕੱਲ੍ਹ ਨੂੰ ਸਾਡੇ ਬੱਚੇ ਆਪਣੇ ਬੱਚਿਆਂ ਨਾਲ ਵੀ ਇਹੀ ਬੋਲ ਦੁਹਰਾਉਣਗੇ। ਇਹ ਸਿਲਸਿਲਾ ਮਨੁੱਖਤਾ ਦੀ ਹੋਂਦ ਤੋਂ ਚਲਿਆ ਰਿਹਾ ਹੈ ਅਤੇ ਨਿਰੰਤਰ ਜਾਰੀ ਰਹੇਗਾ।

ਜਦੋਂ ਅਸੀਂ ਹੋਸ਼ ਸੰਭਾਲਦੇ ਹਾਂ, ਭਾਵ ਚਾਰ-ਪੰਜ ਸਾਲ ਦੀ ਉਮਰ ਦੇ ਹੁੰਦੇ ਹਾਂ ਤਾਂ ਸਾਨੂੰ ਲੱਗਦਾ ਹੈ ਕਿ ਸਾਡੇ ਮਾਪੇ ਦੁਨੀਆ ਦੇ ਸਾਰੇ ਮਾਪਿਆਂ ਤੋਂ ਬਹੁਤ ਜ਼ਿਆਦਾ ਮਹਾਨ ਹਨ। ਛੇ ਸੱਤ ਸਾਲ ਦੀ ਉਮਰ ਵਿੱਚ ਸਾਨੂੰ ਲੱਗਦਾ ਹੈ ਕਿ ਸਾਡੇ ਮਾਪੇ ਹੋਰ ਬੱਚਿਆਂ ਦੇ ਮਾਪਿਆਂ ਤੋਂ ਵੱਧ ਹੁਸ਼ਿਆਰ ਹਨ, ਆਧੁਨਿਕ ਹਨ ਤੇ ਦੋ ਕਦਮ ਅੱਗੇ ਹਨ। ਦਸ ਗਿਆਰਾਂ ਸਾਲ ਦੀ ਉਮਰ ਤੱਕ ਪਹੁੰਚਦੇ ਹੋਏ ਸਾਨੂੰ ਮਹਿਸੂਸ ਹੋਣਾ ਸ਼ੁਰੂ ਹੋ ਜਾਂਦਾ ਹੈ ਕਿ ਸਾਡੇ ਮਾਪੇ ਹਨ ਤਾਂ ਅੱਛੇ, ਪਰ ਗੁੱਸੇ ਬੜੀ ਜਲਦੀ ਹੋ ਜਾਂਦੇ ਹਨ, ਖਾਸ ਕਰ ਕੇ ਪਿਤਾ ਹੁਰੀਂ। ਬਾਰਾਂ ਤੇਰਾਂ ਸਾਲ ਦੀ ਉਮਰ ਤੱਕ ਪਹੁੰਚਦਿਆਂ ਅਸੀਂ ਅਕਸਰ ਇਹ ਕਹਿਣਾ ਸ਼ੁਰੂ ਕਰ ਦਿੰਦੇ ਹਾਂ, "ਜਦੋਂ ਅਸੀਂ ਛੋਟੇ ਹੁੰਦੇ ਸੀ ਤਾਂ ਸਾਡੇ ਮਾਪੇ ਸਾਡੇ ਨਾਲ ਬਹੁਤ ਚੰਗਾ ਵਿਹਾਰ ਕਰਦੇ ਸਨ, ਪਰ ਅੱਜ ਕੱਲ੍ਹ ਉਹ ਰੋਕ-ਟੋਕ ਕੁਝ ਜ਼ਿਆਦਾ ਹੀ ਕਰਦੇ ਹਨ...।"

ਸੋਲਾਂ-ਸਤਾਰਾਂ ਸਾਲਾਂ ਦੀ ਉਮਰ ਤੱਕ ਪਹੁੰਚਦਿਆਂ ਸਾਡੇ ਆਪਣੇ ਮਾਪਿਆਂ ਪ੍ਰਤੀ ਵਿਚਾਰ ਅਚਾਨਕ ਬਦਲਣੇ ਸ਼ੁਰੂ ਹੋ ਜਾਂਦੇ ਹਨ। ਮਸਲਨ 'ਸਾਡੇ ਮਾਪੇ ਆਧੁਨਿਕ ਸਮੇਂ ਨਾਲ ਨਹੀਂ ਚੱਲਦੇ, ਉਹ ਅਜੇ ਵੀ ਗੁਜ਼ਰੇ ਜ਼ਮਾਨੇ ਦੀਆਂ ਯਾਦਾਂ ਨਾਲ ਚਿੰਬੜੇ ਹੋਏ ਹਨ। ਉਨ੍ਹਾਂ ਨੂੰ ਅੱਜ ਬਾਰੇ ਕੋਈ ਗਿਆਨ ਹੀ ਨਹੀਂ। ਉਹ ਨਹੀਂ ਜਾਣਦੇ ਕਿ ਅੱਜ ਦੁਨੀਆ ਕਿੱਥੇ ਪਹੁੰਚ ਗਈ ਹੈ।' 18-19 ਸਾਲ ਦੀ ਉਮਰ ਆਉਣ ਤੱਕ ਮਾਪਿਆਂ ਪ੍ਰਤੀ ਸਾਡੇ ਵਿਚਾਰ ਕੁਝ ਹੋਰ ਉਗਰ ਹੋ ਜਾਂਦੇ ਹਨ, ਜਿਵੇਂ ਸਾਡੇ ਮਾਪਿਆਂ ਦਾ, ਖਾਸ ਕਰ ਕੇ ਪਿਤਾ ਜੀ ਦਾ ਸੁਭਾਅ ਕੁਝ ਜ਼ਿਆਦਾ ਚਿੜਚਿੜਾ ਹੋ ਗਿਆ ਹੈ। ਸਾਡੇ ਨਾਲ ਬੜਾ ਮਾੜਾ ਵਿਹਾਰ ਕਰਦੇ ਹਨ। ਗੱਲ-ਗੱਲ ਉੱਤੇ ਉਪਦੇਸ਼ ਦੇਣਾ ਸ਼ੁਰੂ ਕਰ ਦਿੰਦੇ ਹਨ। ਟੋਕਾ-ਟਾਕੀ ਕੀਤੇ ਬਿਨਾਂ ਉਨ੍ਹਾਂ ਨੂੰ ਨਾ ਚੈਨ ਆਉਂਦਾ ਹੈ ਅਤੇ ਨਾ ਨੀਂਦ। ਜਦੋਂ ਅਸੀਂ ਵੀਹ-ਇੱਕੀ ਸਾਲ ਦੀ ਉਮਰ ਵਿੱਚ ਪੁੱਜਦੇ ਹਾਂ ਤਾਂ ਸਾਡੇ ਮੂੰਹੋਂ ਇਹ ਸ਼ਬਦ ਵਾਰ-ਵਾਰ ਨਿਕਲਦੇ ਹਨ, 'ਅੱਜਕੱਲ੍ਹ ਮਾਪਿਆਂ, ਖਾਸ ਕਰ ਕੇ ਪਿਤਾ ਜੀ ਨਾਲ ਰਹਿਣਾ ਬਹੁਤ ਮੁਸ਼ਕਲ ਹੋ ਗਿਆ ਹੈ। ਮਾਂ ਘੱਟ ਕਰਦੀ ਹੈ, ਪਰ ਪਿਤਾ ਜੀ ਸਾਡੀ ਨਿੱਜੀ ਜ਼ਿੰਦਗੀ ਵਿੱਚ ਬਹੁਤ ਦਖਲ ਦੇਂਦੇ ਹਨ। ਬਰਦਾਸ਼ਤ ਨਹੀਂ ਹੁੰਦਾ। ਪਿਤਾ ਜੀ ਦਾ ਵਤੀਰਾ ਕੁਝ ਜ਼ਿਆਦਾ ਹੀ ਵਿਗੜ ਗਿਆ ਹੈ। ਗੱਲ-ਗੱਲ ਉੱਤੇ ਸਾਡੇ ਨਾਲ ਲਾਲ-ਪੀਲੇ ਹੁੰਦੇ ਰਹਿੰਦੇ ਹਨ। ਸਾਨੂੰ ਇਹ ਸਮਝ ਨਹੀਂ ਆਉਂਦੀ ਕਿ ਸਾਡੀ ਮਾਂ ਇਸ ਤਰ੍ਹਾਂ ਦੇ ਬੰਦੇ ਨਾਲ ਇੰਨੇ ਚਿਰ ਤੋਂ ਰਹਿ ਕਿਵੇਂ ਰਹੀ ਹੈ?'

'ਯਾਰ ਹੱਦ ਹੋ ਗਈ ਹੈ, ਸਾਡੇ ਮਾਪੇ ਖਾਸ ਕਰ ਕੇ ਪਿਤਾ ਜੀ ਸਾਡੀ ਹਰ ਗੱਲ ਦਾ ਵਿਰੋਧ ਕਰਦੇ ਹਨ। ਗੱਲ-ਗੱਲ ਉੱਤੇ ਟੋਕਾ-ਟਾਕੀ ਕਰਦੇ ਹਨ, ਪਰ ਨਹੀਂ ਕਦੋਂ ਸਮਝਣਗੇ ਕਿ ਸਾਡੀ ਵੀ ਕੋਈ ਨਿੱਜਤਾ ਹੁੰਦਾ ਹੈ।' ਪੱਚੀ-ਛੱਬੀ ਸਾਲ ਦੀ ਉਮਰ ਤੱਕ ਮਾਪਿਆਂ ਬਾਰੇ ਇਹ ਬੋਲ ਅਸੀਂ ਅਕਸਰ ਆਪਣੇ ਦੋਸਤਾਂ ਨਾਲ ਸਾਂਝੇ ਕਰਦੇ ਰਹਿੰਦੇ ਹਾਂ। ਫਿਰ ਸਮਾਂ ਕਰਵਟ ਬਦਲਦਾ ਹੈ। ਸਾਡਾ ਕਿਰਦਾਰ ਬਦਲਦਾ ਹੈ। ਅਸੀਂ ਮਾਪੇ ਬਣ ਜਾਂਦੇ ਹਾਂ। ਪੈਂਤੀ-ਚਾਲੀ ਸਾਲ ਦੀ ਉਮਰ ਵਿੱਚ ਗੁਜ਼ਰ ਰਹੇ ਹੁੰਦੇ ਹਾਂ ਤਾਂ ਅਕਸਰ ਇਹ ਕਹਿੰਦੇ ਹਾਂ, 'ਯਾਰ ਮੇਰਾ ਛੋਟਾ ਬੇਟਾ ਤਾਂ ਮੇਰੇ ਤੋਂ ਡਰਦਾ ਹੀ ਨਹੀਂ। ਬਚਪਨ ਵਿੱਚ ਮੈਂ ਆਪਣੇ ਪਿਤਾ ਜੀ ਤੋਂ ਕਿੰਨਾ ਡਰਦਾ ਹੁੰਦਾ ਸੀ। ਅੱਜਕੱਲ੍ਹ ਦੇ ਬੱਚੇ ਡਰਦੇ ਨਹੀਂ, ਸਗੋਂ ਸਾਨੂੰ ਡਰਾਉਂਦੇ ਨੇ।' ਯਾਰ ਸਾਡੇ ਮਾਪਿਆਂ ਨੇ ਸਾਨੂੰ ਕਿੰਨੇ ਅਨੁਸ਼ਾਸਨ ਨਾਲ ਪਾਲਿਆ ਸੀ। ਅੱਜ ਵਾਲਿਆਂ ਕੋਲ ਅਨੁਸ਼ਾਸਨ ਨਾਂਅ ਦੀ ਕੋਈ ਸ਼ੈਅ ਨਹੀਂ। ਥੋੜ੍ਹਾ ਜਿਹਾ ਝਿੜਕੋ ਤਾਂ ਸਾਨੂੰ ਡਰ ਲੱਗਣਾ ਸ਼ੁਰੂ ਹੋ ਜਾਂਦਾ ਹੈ ਕਿ ਕਿਤੇ ਕੋਈ ਹੋਰ ਚੰਨ ਨਾ ਚੜ੍ਹਾ ਦੇਣ।"

ਚਾਲੀ-ਪੰਜਤਾਲੀ ਸਾਲ ਦੀ ਉਮਰ ਤੱਕ ਪਹੁੰਚਦੇ ਹਾਂ ਤਾਂ ਇਹ ਬੋਲ ਸਾਡੇ ਮੂੰਹੋਂ ਆਪ ਮੁਹਾਰੇ ਨਿਕਲਦੇ ਹਨ; 'ਯਾਰ ਸਾਡੇ ਮਾਪਿਆਂ ਨੇ ਕਿੰਨੀਆਂ ਮੁਸ਼ਕਲਾਂ ਝੱਲੀਆਂ, ਮਿਹਨਤ ਕੀਤੀ ਤੇ ਸਾਨੂੰ ਸਾਰੇ ਭੈਣ-ਭਰਾਵਾਂ ਨੂੰ ਪਾਲਿਆ-ਪੋਸਿਆ, ਪੜ੍ਹਾਇਆ-ਲਿਖਾਇਆ, ਵੱਡਾ ਕੀਤਾ ਤੇ ਆਪਣੇ ਪੈਰਾਂ ਉੱਤੇ ਖੜ੍ਹੇ ਕੀਤਾ। ਸਾਡੇ ਤੋਂ ਤਾਂ ਇਹ ਦੋ ਹੀ ਨਹੀਂ ਸੰਭਾਲੇ ਜਾ ਰਹੇ। ਇਨ੍ਹਾਂ ਦੋਵਾਂ ਨੇ ਸਾਡੇ ਨੱਕ 'ਚ ਦਮ ਕੀਤਾ ਹੋਇਆ ਹੈ।" ਪੰਜਾਹ ਸਾਲ ਤੱਕ ਪਹੁੰਚਦਿਆਂ ਅਸੀਂ ਇਹ ਰੋਣੇ-ਰੋਣਾ ਸ਼ੁਰੂ ਕਰ ਦਿੰਦੇ ਹਾਂ। ਜਦੋਂ ਪਚਵੰਜਾ ਦੇ ਨੇੜੇ-ਤੇੜੇ ਪੁੱਜਦੇ ਹਾਂ ਤਾਂ ਅਚਾਨਕ ਸਾਨੂੰ ਆਪਣੇ ਮਾਪੇ ਬਹੁਤ ਸਿਆਣੇ ਅਤੇ ਸਮਝਦਾਰ ਲੱਗਣ ਲੱਗ ਜਾਂਦੇ ਹਨ। ਸਾਨੂੰ ਉਸ ਅਰਸੇ ਦੌਰਾਨ ਕੀਤੀਆਂ ਆਪਣੀਆਂ ਬੇਵਕੂਫੀਆਂ ਤੇ ਘਟੀਆ ਹਰਕਤਾਂ 'ਤੇ ਰੋਣਾ ਵੀ ਆਉਂਦਾ ਹੈ ਤੇ ਹਾਸਾ ਵੀ। ਅਸੀਂ ਕਹਿਣ ਲੱਗਦੇ ਹਾਂ, "ਯਾਰ, ਕਿੰਨੀ ਦੂਰ-ਦ੍ਰਿਸ਼ਟੀ ਰੱਖਦੇ ਸਨ ਸਾਡੇ ਮਾਪੇ। ਉਨ੍ਹਾਂ ਸਾਡੇ ਸਾਰਿਆਂ ਭੈਣ-ਭਰਾਵਾਂ ਦੇ ਭਲੇ ਲਈ ਕਿੰਨਾ ਕੁਝ ਕੁਰਬਾਨ ਕੀਤਾ। ਉਨ੍ਹਾਂ ਨੇ ਆਪਣੇ ਬੁਢਾਪੇ ਲਈ ਵੀ ਕਿੰਨਾ ਕੁਝ ਬਚਾ ਕੇ ਰੱਖਿਆ ਸੀ। ਅੱਜ ਉਹ ਬੁਢਾਪੇ ਵਿੱਚ ਵੀ ਵਧੀਆ ਜ਼ਿੰਦਗੀ ਗੁਜ਼ਾਰ ਰਹੇ ਹਨ। ਇੱਕ ਅਸੀਂ ਹਾਂ ਕਿ ਸਾਰਾ ਕੁਝ ਲੁਟਾ ਚੁੱਕੇ ਹਾਂ। ਬੱਚੇ ਫਿਰ ਵੀ ਅੱਖਾਂ ਕੱਢਦੇ ਅਤੇ ਨਜ਼ਰ ਫੇਰਦੇ ਪਏ ਹਨ। ਜਦੋਂ ਮਾਪੇ ਦੁਨੀਆ ਤੋਂ ਰੁਖ਼ਸਤ ਹੋ ਜਾਂਦੇ ਹਨ ਤਾਂ ਫਿਰ ਸਾਨੂੰ ਸਮਝ ਆਉਂਦੀ ਹੈ ਕਿ ਉਹ ਸੱਚਮੁੱਚ ਬਹੁਤ ਮਹਾਨ ਸਨ। ਉਨ੍ਹਾਂ ਨੇ ਸਾਡੀ ਖਾਤਰ ਕੀ ਨਹੀਂ ਕੀਤਾ। ਸਾਡੀ ਵਧੀਆ ਜ਼ਿੰਦਗੀ, ਪੜ੍ਹਾਈ ਤੇ ਸੁਨਹਿਰੇ ਭਵਿੱਖ ਲਈ ਕਰਜ਼ੇ ਲਏ। ਘਰ ਤੇ ਗਹਿਣੇ ਗਿਰਵੀ ਰੱਖੇ। ਸਾਡੇ ਸਾਰੇ ਭੈਣ-ਭਰਾਵਾਂ ਦੇ ਭਵਿੱਖ ਨੂੰ ਸੁਨਹਿਰਾ ਬਣਾਉਣ ਲਈ ਆਪਣਾ ਈ ਪੀ ਐਫ ਤੱਕ ਖਰਚ ਕਰ ਦਿੱਤਾ, ਪਰ ਅਫਸੋਸ! ਮਾਪਿਆਂ ਨੂੰ ਸਮਝਣ ਵਾਸਤੇ ਸਾਨੂੰ ਬਹੁਤ ਲੰਬਾ ਸਮਾਂ ਲੱਗ ਜਾਂਦਾ ਹੈ। ਜਦੋਂ ਸਮਝ ਆਉਂਦੀ ਹੈ, ਉਦੋਂ ਤੱਕ ਸਮਾਂ ਹੱਥੋਂ ਰੇਤ ਵਾਂਗ ਕਿਰ ਚੁੱਕਾ ਹੁੰਦਾ ਹੈ।" ਦੋਸਤੋ! ਇਹੀ ਕੁਝ ਕਹਿ ਸਕਦੇ ਹਾਂ ਕਿ ਜੇ ਹੋ ਸਕੇ ਤਾਂ ਇਸ ਸਦੀਆਂ ਤੋਂ ਚੱਲੀ ਹੋਈ ਰੀਤ ਨੂੰ ਬਦਲੋ। ਆਮੀਨ!

---

# ਮਾਤਾ ਦੀਆਂ ਵਾਲੀਆਂ

-ਮਨਿੰਦਰ ਭਾਟੀਆ

ਇਹ 1967 ਦੀ ਗੱਲ ਹੈ। ਉਦੋਂ ਅਸੀਂ ਖੰਨੇ ਰਹਿੰਦੇ ਸੀ ਤੇ ਮੈਂ ਚੌਥੀ ਜਮਾਤ ਵਿੱਚ ਤਲਾਅ ਵਾਲੇ ਸਰਕਾਰੀ ਸਕੂਲ ਵਿੱਚ ਪੜ੍ਹਦਾ ਸੀ। ਇੱਕ ਦਿਨ ਸ਼ਾਮ ਵੇਲੇ ਮਾਤਾ ਨੇ ਸਾਨੂੰ ਚਾਰੇ ਭੈਣ ਭਰਾਵਾਂ ਨੂੰ ਪਕੌੜੇ ਬਣਾ ਕੇ ਖੁਆਏ। ਬਾਕੀ ਭੈਣ ਭਰਾ ਤਾਂ ਖਾ ਕੇ ਚਲੇ ਗਏ ਤੇ ਮੈਂ ਮਾਤਾ ਕੋਲ ਬੈਠਾ ਖਾ ਰਿਹਾ ਸੀ ਤਾਂ ਮਾਤਾ ਮੇਰੇ ਵੱਲ ਵੇਖ ਕੇ ਕਹਿਣ ਲੱਗੀ ਕਿ ਜਦੋਂ ਤੂੰ ਪੈਦਾ ਹੋਇਆ ਸੀ, ਤੇਰੇ ਨਾਨਾ ਜੀ ਨੇ ਇੱਕ ਤੋਲੇ ਦੀਆਂ ਸੋਨੇ ਦੀਆਂ ਵਾਲੀਆਂ ਬਣਵਾ ਕੇ ਮੈਨੂੰ ਦਿੱਤੀਆਂ ਸਨ, ਪਰ ਤੇਰੇ ਭਾਪਾ ਜੀ ਨੂੰ ਕਾਰੋਬਾਰ ਵਿੱਚ ਘਾਟਾ ਪੈਣ ਕਰ ਕੇ ਛੇਤੀ ਉਹ ਵੇਚਣੀਆਂ ਪਈਆਂ। ਇੰਨਾ ਕਹਿ ਕੇ ਮਾਤਾ ਦੇ ਚਿਹਰੇ ਦੇ ਜੋ ਹਾਵ ਭਾਵ ਸਨ, ਉਨ੍ਹਾਂ ਨੂੰ ਵੇਖ ਕੇ ਮੈਂ ਮਨ ਵਿੱਚ ਸੋਚਿਆ ਕਿ ਜਦੋਂ ਮੈਂ ਵੱਡਾ ਹੋ ਕੇ ਪੈਸੇ ਕਮਾਵਾਂਗਾ ਤਾਂ ਮੈਂ ਮਾਤਾ ਨੂੰ ਵਾਲੀਆਂ ਬਣਵਾ ਕੇ ਦਿਆਂਗਾ। ਭਾਪਾ ਜੀ ਕਾਰੋਬਾਰ ਦੇ ਕਾਰਨ ਕਈ ਕਈ ਮਹੀਨੇ ਘਰ ਨਹੀਂ ਸੀ ਪਰਤਦੇ। ਮਾਤਾ ਘਰ ਚਲਾਉਣ ਲਈ ਬੜੀ ਮਿਹਨਤ ਕਰਦੀ ਅਤੇ ਸਾਡੇ ਭੈਣ ਭਰਾਵਾਂ ਦਾ ਖਰਚਾ ਉਹ ਹੀ ਕੱਢਦੀ ਸੀ। ਅਸੀਂ ਵੀ ਆਪਣੇ ਆਪਣੇ ਵਿੱਤ ਮੁਤਾਬਕ ਪੜ੍ਹਾਈ ਦੇ ਨਾਲ ਨਾਲ ਮਿਹਨਤ ਕਰਦੇ। ਮੇਰੇ ਛੋਟੇ ਮਾਮਾ ਜੀ ਡਾਕਟਰ ਪ੍ਰੀਤਮ ਸਿੰਘ ਪਟਿਆਲਾ ਭਾਸ਼ਾ ਵਿਭਾਗ ਵਿੱਚ ਡਿਪਟੀ ਡਾਇਰੈਕਟਰ ਲੱਗੇ ਹੋਏ ਸਨ। ਉਨ੍ਹਾਂ ਦਾ ਮਾਤਾ ਨਾਲ ਬਹੁਤ ਪਿਆਰ ਸੀ ਤੇ ਉਹ ਹਰ ਮਹੀਨੇ ਮਾਤਾ ਨੂੰ ਕੁਝ ਨਾ ਕੁਝ ਪੈਸੇ ਭੇਜਦੇ ਰਹਿੰਦੇ। ਕਿਸੇ ਤਰ੍ਹਾਂ ਘਰ ਦਾ ਗੁਜ਼ਾਰਾ ਚੱਲ ਰਿਹਾ ਸੀ। ਜਦੋਂ ਅਸੀਂ ਪਟਿਆਲਾ ਰਹਿੰਦੇ ਸੀ ਤਾਂ ਮਾਮਾ ਜੀ ਸਵੇਰੇ ਸਵੇਰੇ ਮਠਿਆਈ ਦਾ ਡੱਬਾ ਲੈ ਕੇ ਆ ਗਏ ਤੇ ਕਿਹਾ ਕਿ ਮੁਬਾਰਕਾਂ ਹੋਣ ਮੁੰਡਿਓ! ਮੂੰਹ ਮਿੱਠਾ ਕਰੋ, ਤੁਸੀਂ ਪਾਸ ਹੋ ਗਏ। ਉਸ ਵੇਲੇ ਨਤੀਜੇ ਅਖਬਾਰਾਂ ਵਿੱਚ ਛਪਦੇ ਸਨ। ਸਾਡੇ ਘਰ ਕੋਈ ਅਖਬਾਰ ਨਹੀਂ ਸੀ ਆਉਂਦੀ, ਪਰ ਮਾਮਾ ਜੀ ਦੇ ਘਰ ਸਵੇਰੇ ਹੀ ਅਖਬਾਰ ਆ ਜਾਂਦੀ ਸੀ।

ਮੈਂ ਉਦੋਂ ਪੰਜਵੀਂ ਜਮਾਤ ਵਿੱਚ ਪੜ੍ਹਦਾ ਸੀ ਜਦੋਂ ਵਜ਼ੀਫੇ ਲਈ ਇੱਕ ਸਪੈਸ਼ਲ ਪੇਪਰ ਹੋਇਆ ਸੀ। ਉਸ ਪੇਪਰ ਦੇ ਨਤੀਜੇ ਦਾ ਕੀ ਬਣਿਆ, ਮੈਨੂੰ ਨਹੀਂ ਸੀ ਪਤਾ। ਸਾਲ ਬੀਤਦੇ ਗਏ ਤੇ ਮੈਂ ਅੱਠਵੀਂ ਜਮਾਤ ਵਿੱਚ ਹੋ ਗਿਆ। ਪੜ੍ਹਾਈ ਵਿੱਚ ਹੁਸ਼ਿਆਰ ਸੀ ਤੇ ਨਾਲ ਮੈਂ ਕ੍ਰਿਕਟ ਚੰਗੀ ਖੇਡਦਾ ਸੀ। ਮੇਰੇ ਕੋਲਬੈਟ ਜੋਗੇ ਪੈਸੇ ਨਹੀਂ ਹੁੰਦੇ ਸਨ। ਪੜ੍ਹਾਈ ਦੇ ਨਾਲ ਸਕੂਲ ਵਿੱਚ ਵਾਧੂ ਵਿਸ਼ਾ ਵੁੱਡ ਵਰਕ ਦਾ ਸੀ, ਜਿਸ ਕਰ ਕੇ ਮੈਂ ਆਪ ਹੀ ਖੇਡਣ ਲਈ ਲੱਕੜ ਦਾ ਬੈਟ ਬਣਾ ਲੈਂਦਾ। ਮੈਨੂੰ ਕ੍ਰਿਕਟ ਦਾ ਸ਼ੁਦਾਅ ਦੀ ਹੱਦ ਤੱਕ ਸ਼ੌਕ ਸੀ, ਪਰ ਪੈਸਿਆਂ ਦੀ ਘਾਟ ਕਰ ਕੇ ਮੈਂ ਸ਼ਹਿਰੋਂ ਬਾਹਰ ਖੇਡਣ ਨਾ ਜਾ ਸਕਿਆ ਤੇ ਨਾ ਹੀ ਕ੍ਰਿਕਟ ਦੀ ਕਿਟ ਖਰੀਦ ਸਕਿਆ, ਕਿਉਂਕਿ ਕਿੱਟ ਬੜੀ ਮਹਿੰਗੀ ਸੀ। ਮੈਂ ਸ਼ਰਾਰਤੀ ਵੀ ਬਹੁਤ ਸੀ। ਇੱਕ ਦਿਨ ਸਕੂਲ ਦੇ ਅਕਾਊਂਟੈਂਟ ਨੇ ਮੈਨੂੰ ਦਫਤਰ ਬੁਲਾ ਕੇ ਕਿਹਾ ਕਿ ਘਰਦਿਆਂ ਨੂੰ ਬੁਲਾ ਕੇ ਲਿਆ। ਮੈਂ ਬਹੁਤ ਘਬਰਾ ਗਿਆ ਕਿ ਪਤਾ ਨਹੀਂ ਮੇਰੇ ਤੋਂ ਕੀ ਗਲਤੀ ਹੋ ਗਈ। ਮੈਂ ਘਰ ਆ ਕੇ ਮਾਤਾ ਜੀ ਨੂੰ ਦੱਸਿਆ। ਅਗਲੇ ਦਿਨ ਮਾਤਾ ਜੀ ਸਕੂਲ ਆ ਗਏ। ਪਹਿਲਾਂ ਕਦੇ ਇਸ ਤਰ੍ਹਾਂ ਨਹੀਂ ਸੀ ਹੋਇਆ ਕਿ ਮੇਰੇ ਘਰਦਿਆਂ ਨੂੰ ਸਕੂਲ ਬੁਲਾਇਆ ਗਿਆ ਹੋਵੇ। ਜਿਵੇਂ ਹੀ ਮਾਤਾ ਜੀ ਦਫਤਰ ਗਏ ਤਾਂ ਉਨ੍ਹਾਂ ਨੇ ਅਕਾਊਂਟੈਂਟ ਤੋਂ ਪੁੱਛਿਆ ਕਿ ਬੇਟੇ ਨੇ ਕੀ ਕੀਤਾ ਹੈ? ਉਨ੍ਹਾਂ ਦੱਸਿਆ ਕਿ ਤੁਹਾਡੇ ਬੇਟੇ ਨੇ ਤਿੰਨ ਸਾਲ ਪਹਿਲਾਂ ਜੋ ਵਜ਼ੀਫੇ ਦਾ ਪੇਪਰ ਦਿੱਤਾ ਸੀ, ਉਸ ਨੇ ਉਹ ਪਾਸ ਕਰ ਲਿਆ ਸੀ। ਵਜ਼ੀਫੇ ਦੇ ਅੱਠ ਰੁਪਏ ਮਹੀਨਾ ਦੇ ਹਿਸਾਬ ਨਾਲ ਪਿਛਲੇ ਤੀਹ ਮਹੀਨਿਆਂ ਦੇ ਦੋ ਸੌ ਚਾਲੀ ਰੁਪਏ ਆਏ ਹਨ। ਉਸ ਨੇ ਮਾਤਾ ਜੀ ਨੂੰ ਪੈਸੇ ਦਿੱਤੇ ਤੇ ਉਨ੍ਹਾਂ ਤੋਂ ਸਾਈਨ ਕਰਵਾ ਲਏ। ਮੈਨੂੰ ਕੁਝ ਵੀ ਪਤਾ ਨਾ ਲੱਗਾ। ਸ਼ਾਮ ਨੂੰ ਜਦੋਂ ਘਰ ਆਇਆ ਤਾਂ ਮਾਤਾ ਨੇ ਕਿਹਾ ਕਿ ਤੇਰੇ ਵਜ਼ੀਫੇ ਦੇ ਪੈਸੇ ਆਏ ਹਨ, ਤੂੰ ਮੇਰੇ ਨਾਲ ਬਾਜ਼ਾਰ ਚੱਲ ਤੇ ਇਨ੍ਹਾਂ ਪੈਸਿਆਂ ਦੀ ਕ੍ਰਿਕਟ ਦੀ ਕਿੱਟ ਲੈ ਲੈ। ਮੇਰੇ ਮਨ ਵਿੱਚ ਮਾਤਾ ਦੀਆਂ ਵਾਲੀਆਂ ਵਾਲੀ ਗੱਲ ਸੀ। ਜਦੋਂ ਅਸੀਂ ਸੁਭਾਸ਼ ਬਾਜ਼ਾਰ ਵਿੱਚ ਗਏ ਤਾਂ ਮਾਤਾ ਮੈਨੂੰ ਖੇਡਾਂ ਦੇ ਸਾਮਾਨ ਵਾਲੀ ਦੁਕਾਨ ਉੱਤੇ ਲੈ ਗਈ, ਪਰ ਮੈਂ ਉਨ੍ਹਾਂ ਨੂੰ ਉਸ ਤੋਂ ਦੋ ਦੁਕਾਨਾਂ ਅੱਗੇ ਲੈ ਗਿਆ। ਇਹ ਸੁਨਿਆਰੇ ਦੀ ਦੁਕਾਨ ਸੀ। ਮੈਂ ਮਾਤਾ ਨੂੰ ਸੋਨੇ ਦੀਆਂ ਵਾਲੀਆਂ ਪਸੰਦ ਕਰਨ ਨੂੰ ਕਿਹਾ। ਭਾਵੇਂ ਮੈਂ ਬੜਾ ਛੋਟਾ ਸੀ, ਫੇਰ ਵੀ ਮੈਂ ਮਾਤਾ ਨੂੰ ਵਾਲੀਆਂ ਲੈਣ ਲਈ ਮਜਬੂਰ ਕੀਤਾ ਤੇ ਇੱਕ ਤੋਲੇ ਦੀਆਂ ਵਾਲੀਆਂ ਜਦੋਂ ਮਾਤਾ ਨੇ ਕੰਨਾਂ ਵਿੱਚ ਪਾਈਆਂ ਤਾਂ ਉਸ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ ਤੇ ਉਸ ਨੇ ਮੈਨੂੰ ਆਪਣੀ ਜੱਫੀ ਵਿੱਚ ਲੈ ਲਿਆ। ਸੁਨਿਆਰਾ ਅਤੇ ਦੁਕਾਨ ਉੱਤੇ ਬੈਠੇ ਹੋਏ ਗਾਹਕ ਸਾਡੇ ਵੱਲ ਬੜੀ ਹੈਰਾਨੀ ਨਾਲ ਦੇਖ ਰਹੇ ਸਨ।




# ਲੱਖਾਂ ਰੁਪਏ ਕੇਂਦਰ ਸਰਕਾਰ ਕੋਲੋਂ ਆਏ, ਪੰਜਾਬ ਸਰਕਾਰ ਨੇ ਕੇਂਦਰ ਬਣਾਇਆ ਹੀ ਨਹੀਂ

*** ਆਯੂਸ਼ ਮੰਤਰਾਲੇ ਦੇ ਸਲਾਹਕਾਰ ਦੇ ਦੌਰੇ ਪਿੱਛੋਂ ਮਾਮਲਾ ਭਖਿਆ**

ਜਲੰਧਰ, 25 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਵੇਰਕਾ ਵਿੱਚਭਾਰਤ ਸਰਕਾਰ ਦਾ ਪਹਿਲਾ ਪਾਇਲਟ ਨਸ਼ਾ ਮੁਕਤੀ ਕੇਂਦਰ ਪ੍ਰਾਜੈਕਟ ਸ਼ੁਰੂ ਨਹੀਂ ਹੋ ਸਕਿਆ, ਜਿਸ ਲਈ ਕੇਂਦਰ ਨੇ ਕਾਫ਼ੀ ਸਮਾਂ ਪਹਿਲਾਂ ਪੰਜਾਬ ਦੇ ਆਯੁਰਵੈਦ ਵਿਭਾਗ ਨੂੰ 60 ਲੱਖ ਰੁਪਏ ਇਹ ਕੇਂਦਰ ਨੂੰ ਖੋਲ੍ਹਣ ਲਈ ਭੇਜ ਦਿੱਤੇ ਸਨ।

ਬੀਤੇ ਦਿਨੀਂ ਪੰਜਾਬ ਵਿੱਚ ਆਏ ਭਾਰਤ ਸਰਕਾਰ ਦੇ ਆਯੂਸ਼ ਮੰਤਰਾਲੇ ਦੇ ਸਲਾਹਕਾਰ ਡਾ. ਮਨੋਜ ਨੇਸਰੀ ਨੇ ਜਦੋਂ ਵੇਰਕਾ ਵਿੱਚ ਉਸ ਇਮਾਰਤ ਦਾ ਦੌਰਾ ਕੀਤਾ, ਜਿੱਥੇ ਵਿੱਚ ਇਹ ਕੇਂਦਰ ਖੋਲ੍ਹਿਆ ਜਾਣਾ ਸੀ, ਤਾਂ ਇਹ ਮਾਮਲਾ ਭਖ ਗਿਆ ਕਿ ਪੰਜਾਬ ਆਯੁਰਵੈਦ ਵਿਭਾਗ ਨੇ ਸਵਾ ਸਾਲ ਵਿੱਚ ਇਸ ਕੇਂਦਰ ਨੂੰ ਖੋਲ੍ਹਣ ਦਾ ਲਾਇਸੈਂਸ ਹੀ ਨਹੀਂ ਦੁਆਇਆ। ਪਤਾ ਲੱਗਾ ਹੈ ਕਿ ਸਲਾਹਕਾਰ ਨੇ ਇਹ ਮਾਮਲਾ ਪੰਜਾਬ ਆਯੁਰਵੈਦ ਵਿਭਾਗ ਕੋਲ ਵੀ ਉਠਾਇਆ ਸੀ। ਕੇਂਦਰ ਦਾ ਇਹ ਪਾਇਲਟ ਪ੍ਰਾਜੈਕਟ ਦੇ ਖੁੱਲ੍ਹਣ ਦੇ ਬਾਅਦ ਪੰਜਾਬ ਵਿੱਚ 22 ਤੇ ਦੇਸ਼ ਵਿੱਚ 100 ਦੇ ਕਰੀਬ ਆਯੁਰਵੈਦਿਕ ਨਸ਼ਾ ਮੁਕਤੀ ਕੇਂਦਰ ਖੋਲ੍ਹੇ ਜਾਣੇ ਸਨ, ਜਿਨ੍ਹਾਂ ਵਿੱਚ ਆਯੁਰਵੈਦਿਕ ਤਰੀਕੇ ਨਾਲ ਇਲਾਜ ਕੀਤਾ ਜਾਣਾ ਸੀ। ਕੇਂਦਰ ਸਰਕਾਰ ਨੇ ਇਸ ਉੱਤੇ 1.50 ਕਰੋੜ ਰੁਪਏ ਖ਼ਰਚ ਕਰਨੇ ਸਨ, ਪਰ ਨਸ਼ਾ ਮੁਕਤੀ ਕੇਂਦਰ ਸ਼ੁਰੂ ਨਾ ਕਰਨ ਕਰਕੇ ਕੇਂਦਰ ਨੇ ਹੋਰ ਰਕਮ ਨਹੀਂ ਭੇਜੀ। ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਇਸ ਮਾਮਲੇ ਦੀ ਜਾਂਚ ਕਰਵਾ ਸਕਦੀ ਹੈ।

# ਪਿੰਡ ਛੀਨਾ ਬਿਧੀ ਚੰਦ 1971 ਵਿੱਚ ਇਕ ਸਾਲ ਪਾਕਿਸਤਾਨੀ ਫੌਜ ਦੇ ਕਬਜ਼ੇ ਵਿਚ ਰਿਹਾ

*** ਘਰਾਂ ਦਾ ਸਾਮਾਨ ਤੇ ਰੁੱਖ ਵੀ ਵੱਢਕੇ ਲੈ ਕੇ ਗਏ ਸਨ ਪਾਕਿਸਤਾਨੀ**

ਖਾਲੜਾ, 25 ਮਾਰਚ (ਪੋਸਟ ਬਿਊਰੋ)- ਭਾਰਤ-ਪਾਕਿ ਸਰਹੱਦ ਨੇੜੇ ਵੱਸਿਆ ਪਿੰਡ ਛੀਨਾ ਬਿਧੀ ਚੰਦ ਜਿੱਥੇ ਧਾਰਮਿਕ ਪੱਖੋਂ ਇਤਹਾਸਕ ਹੈ, ਉਥੇ ਕਈ ਵਾਰ ਉਜਾੜੇ ਦਾ ਸ਼ਿਕਾਰ ਹੋ ਚੁੱਕਾ ਹੈ। ਸਾਲ 1971 ਦੀ ਭਾਰਤ-ਪਾਕਿ ਜੰਗ ਪਿੱਛੋਂ ਇਹ ਪਿੰਡ ਇੱਕ ਸਾਲ ਪਾਕਿਸਤਾਨੀ ਫੌਜ ਦੇ ਕਬਜ਼ੇ ਹੇਠ ਰਿਹਾ ਅਤੇ ਸਮਝੌਤੇ ਪਿੱਛੋਂ ਜਦੋਂ ਦੋਵਾਂ ਦੇਸ਼ਾਂ ਨੇ ਮੱਲੇ ਇਲਾਕੇ ਛੱਡੇ ਤਾਂ ਇਸ ਪਿੰਡ ਵਿੱਚ ਘਰਾਂ ਦੇ ਨਾਂਅ ਉੱਤੇਖੰਡਰ ਹੀ ਬਚੇ ਸਨ।



ਬਾਰਡਰ ਨੇੜੇ ਬਣਾਈ ਗਈ ਡਿਫੈਂਸ ਡਰੇਨ ਅਤੇ ਕੰਡਿਆਲੀ ਤਾਰ ਦੇ ਨਾਲ ਲੱਗਦੇ ਛੀਨਾ ਬਿਧੀ ਚੰਦ ਪਿੰਡ ਵਿੱਚ 350 ਘਰਾਂ ਵਿੱਚਅੱਜਕੱਲ੍ਹ 4400 ਦੇ ਕਰੀਬ ਆਬਾਦੀ ਅਤੇ 2300 ਏਕੜ ਵਾਹੀਯੋਗ ਜ਼ਮੀਨ ਹੈ, ਜਿਸ ਵਿੱਚੋਂ 350 ਏਕੜ ਜ਼ਮੀਨ ਕੰਡਿਆਲੀ ਤਾਰ ਦੇ ਪਾਰ ਸਰਹੱਦ ਨਾਲ ਲੱਗਦੀ ਹੈ, ਜਿੱਥੇ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਕਈ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। 1947 ਦੀ ਭਾਰਤ-ਪਾਕਿ ਵੰਡ ਪਿੱਛੋਂ ਭਾਰਤ ਵਿੱਚ ਆਏ ਛੀਨਾ ਬਿਧੀ ਚੰਦ ਪਿੰਡ ਨੂੰ 1965 ਦੀ ਜੰਗ ਵਿੱਚ ਇਸ ਕਰ ਕੇ ਉਜੜਨਾ ਨਹੀਂ ਸੀ ਪਿਆ ਕਿ ਭਾਰਤੀ ਫੌਜ ਪਾਕਿਸਤਾਨ ਵਿੱਚ ਜਾ ਵੜੀ ਸੀ, ਪਰ ਜਦੋਂ ਹੀ 1971 ਦੀ ਜੰਗ ਦਸੰਬਰ ਵਿੱਚ ਸ਼ੁਰੂ ਹੋਈ ਤਾਂ ਛੀਨਾ ਬਿਧੀ ਚੰਦ ਖਾਲੀ ਹੋ ਗਿਆ ਤੇ ਇਸ ਪਿੰਡ ਉੱਤੇ ਪਾਕਿਸਤਾਨੀ ਫੌਜ ਨੇ ਕਬਜ਼ਾ ਕਰ ਲਿਆ। ਪਿੰਡ ਦੇ ਲੋਕ ਪਿੱਛੇ ਆਪਣੇ ਰਿਸ਼ਤੇਦਾਰਾਂ ਕੋਲ ਚਲੇ ਗਏ ਤੇ ਕਰੀਬ 15 ਦਿਨਾਂ ਬਾਅਦ ਜੰਗਬੰਦੀ ਦੇ ਐਲਾਨ ਮਗਰੋਂ ਜਦੋਂ ਪਿੰਡ ਪਾਕਿਸਤਾਨੀ ਕਬਜ਼ੇ ਵਿੱਚ ਰਿਹਾ ਤਾਂ ਬਹੁਤੇ ਲੋਕ ਪਿੰਡ ਗੱਗੋਬੂਹਾ ਵਿਖੇ ਪੰਜਾਬ ਸਰਕਾਰ ਦੇ ਬਣਾਏ ਕੈਂਪ ਵਿੱਚ ਰਹਿਣ ਲੱਗੇ, ਜਿਨ੍ਹਾਂ ਨੂੰ ਪ੍ਰਤੀ ਪਸ਼ੂ ਅਤੇ ਘਰ ਦੇ ਜੀਆਂ ਮੁਤਾਬਕ ਆਰਥਿਕ ਸਹਾਇਤਾ ਮਿਲਦੀ ਸੀ।

ਪੰਜਾਬ ਦੀ ਸਰਹੱਦ ਉੱਤੇ 1971 ਮਗਰੋਂ ਕੋਈ ਜੰਗ ਨਹੀਂ ਹੋਈ, ਪਰ ਦੇਸ਼ ਦੀ ਕਿਸੇ ਵੀ ਸਰਹੱਦ ਉੱਤੇ ਹਲਚਲ ਹੋਵੇ ਤਾਂ ਇੱਥੋਂ ਦੇ ਵਸਨੀਕਾਂ ਦੇ ਸਾਹ ਸੂਤੇ ਜਾਂਦੇ ਹਨ। 1999 ਵਿੱਚ ਕਾਰਗਿਲ ਦੇ ਯੁੱਧ ਵੇਲੇ ਤਰਨ ਤਾਰਨ ਜ਼ਿਲ੍ਹੇ ਨਾਲ ਲੱਗਦਾ ਸਾਰਾ ਸਰਹੱਦੀ ਇਲਾਕਾ ਖਾਲੀ ਕਰਵਾ ਲਿਆ ਗਿਆ ਤੇ ਇੱਥੇ ਫੌਜ ਵੀ ਆ ਗਈ ਸੀ। ਪਿੰਡ ਦੇ ਲੋਕਾਂ ਨੇ ਦੱਸਿਆ ਕਿ ਸਰਹੱਦ ਉੱਤੇ ਵੱਸੇ ਪਿੰਡਾਂਦੇ ਲੋਕਾਂ ਨੂੰ ਵੱਖਰੀਆਂ ਮੁਸ਼ਕਲਾਂ ਨਾਲ ਜੂਝਣਾ ਪੈਂਦਾ ਹੈ। ਸਰਜੀਕਲ ਸਟਰਾਈਕ ਵੇਲੇ ਵੀ ਪਿੰਡਾਂ ਨੂੰ ਖਾਲੀ ਕਰਨ ਦੇ ਹੁਕਮ ਮਿਲੇ ਸਨ। ਵਾਰ-ਵਾਰ ਸਾਮਾਨ ਚੁੱਕ ਕੇ ਲਿਜਾਣ ਨਾਲ ਟੁੱਟ ਜਾਂਦਾ ਹੈ, ਮਾਲ ਡੰਗਰ ਵੀ ਸੰਭਾਲਣੇ ਔਖੇ ਹੋ ਜਾਂਦੇ ਹਨ, ਜਿਸ ਕਾਰਨ ਲੋਕਾਂ ਨੂੰ ਆਰਥਿਕ ਨੁਕਸਾਨ ਝੱਲਣਾ ਪੈਂਦਾ ਹੈ।

ਸਾਬਕਾ ਫੌਜੀ ਕੁਲਵੰਤ ਸਿੰਘ ਨੇ ਦੱਸਿਆ ਕਿ ਤਿੰਨ ਦਸੰਬਰ 1971 ਦੀ ਸ਼ਾਮ ਨੂੰ ਪਾਕਿਸਤਾਨ ਨੇ ਹਮਲਾ ਕੀਤਾ ਤਾਂ ਪਿੰਡ ਛੱਡ ਕੇ ਜਾਣਾ ਪਿਆ। ਫਿਰ ਇੱਕ ਦਿਨ ਰਿਸ਼ਤੇਦਾਰ ਬੱਲੀ, ਕਰਤਾਰ ਸਿੰਘ ਤੇ ਅਮਰਸਿੰਘ ਪਿੰਡ ਵੇਖਣ ਆਏ। ਬੱਲੀ ਨੂੰ ਉਨ੍ਹਾਂ ਗੋਲੀ ਮਾਰ ਦਿੱਤੀ। ਕਰਤਾਰ ਸਿੰਘ ਅਤੇ ਅਮਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਜੰਗਬੰਦੀ ਪਿੱਛੋਂ ਕਰੀਬ ਇੱਕ ਸਾਲ ਪਿੰਡ ਉੱਤੇ ਪਾਕਿਸਤਾਨੀ ਫੌਜ ਕਾਬਜ਼ ਰਹੀ। ਇੱਕ ਚੁਬਾਰਾ ਛੱਡ ਕੇ ਉਹ ਬਾਕੀ ਘਰਾਂ ਦੀਆਂ ਇੱਟਾਂ ਵੀ ਪੁੱਟ ਕੇ ਲੈ ਗਏ। ਪਾਕਿਸਤਾਨੀ ਦੋ ਤਿੰਨ ਹਜ਼ਾਰ ਰੁੱਖ ਵੀ ਵੱਢ ਕੇ ਲੈ ਗਏ।

ਕਿਸਾਨਾਂ ਦੇ ਦੱਸਣ ਮੁਤਾਬਕ ਸਰਹੱਦ ਪਾਰੋਂ ਤਸਕਰੀ ਹੋਵੇ ਜਾਂ ਕੁਝ ਹੋਰ,ਕੰਡਿਆਲੀ ਤਾਰ ਉੱਤੇ ਲੱਗੇ ਗੇਟ ਬੰਦ ਹੋ ਜਾਂਦੇ ਹਨ। ਦੇਸ਼ ਦੀ ਸੁਰੱਖਿਆ ਲਈ ਇਹ ਜ਼ਰੂਰੀ ਹੈ। ਤੈਅ ਸਮੇਂ ਉੱਤੇ ਤਾਰ ਤੋਂ ਪਾਰ ਜਾਣ ਅਤੇ ਮੁੜਨ ਕਰਕੇ ਕਈ ਕੰਮ ਅਧੂਰੇ ਛੱਡਣੇ ਪੈਂਦੇ ਹਨ। ਸਰਕਾਰਾਂ ਨੂੰ ਚਾਹੀਦਾ ਹੈ ਕਿ ਸਰਹੱਦੀ ਕਿਸਾਨਾਂ ਨੂੰ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾਣ।

# ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਸਰਕਾਰ ਤੋਂ ਸਾਈਬਰ ਅਪਰਾਧਾਂ ਦਾ ਰਿਕਾਰਡ ਮੰਗਿਆ

ਚੰਡੀਗੜ੍ਹ, 25 ਮਾਰਚ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਹੈ ਕਿ ਪੰਜਾਬ ਵਿੱਚ ਇੰਟਰਨੈਟ ਰਾਹੀਂ ਹੁੰਦੇ ਜੁਰਮਾਂ ਦੇ ਕੇਸ ਦਰਜ ਕਰਨ ਵਿੱਚ ਢਿੱਲ ਨਾ ਵਰਤੀ ਜਾਵੇ। ਗ੍ਰਹਿ ਮੰਤਰਾਲੇ ਨੇ ਪੰਜਾਬ ਸਰਕਾਰ ਤੋਂ ਸਾਈਬਰ ਅਪਰਾਧਾਂ ਦੇ ਕੇਸਾਂ ਦਾ ਰੋਜ਼ਾਨਾ ਰਿਕਾਰਡ ਮੰਗਿਆ ਅਤੇ ਪੰਜਾਬ ਸਰਕਾਰ ਨੂੰ ਇਹ ਰਿਕਾਰਡ ਲਿਖਤੀ ਦੀ ਬਜਾਏ ਆਨਲਾਈਨ ਕਰਨ ਦੀ ਹਦਾਇਤ ਕੀਤੀ ਹੈ।




ਕੇਂਦਰੀ ਗ੍ਰਹਿ ਮੰਤਰਾਲੇ ਨੇ ਇਹ ਹਦਾਇਤਾਂ ਪੰਜਾਬ ਦੀ ਚੀਫਸੈਕਟਰੀ ਵਿਨੀ ਮਹਾਜਨ ਨੂੰ ਭੇਜੇ ਪੱਤਰ ਰਾਹੀਂ ਕੀਤੀਆਂ ਅਤੇ ਪੰਜਾਬ ਸਰਕਾਰ ਨੂੰ ਹਦਾਇਤ ਦਿੱਤੀ ਹੈ ਕਿ ਸਾਈਬਰ ਕ੍ਰਾਈਮ ਦੇ ਕੇਸ, ਖ਼ਾਸਕਰਕੇ ਔਰਤਾਂ ਤੇ ਬੱਚਿਆਂ ਦੇ ਖ਼ਿਲਾਫ਼ ਸਾਈਬਰ ਜੁਰਮਾਂ ਬਾਰੇ ਮੁਕੱਦਮਾ ਆਰ ਦਰਜ ਕਰਨ ਵਿੱਚਕੋਈ ਢਿੱਲ ਨਾ ਕੀਤੀ ਜਾਵੇ ਤੇ ਸ਼ਿਕਾਇਤ ਮਿਲਦੇ ਸਾਰ ਜਾਂਚ ਕਰਕੇ ਪਰਚਾ ਦਰਜ ਕੀਤਾ ਜਾਵੇ। ਇਸਦੇ ਨਾਲ ਸਾਈਬਰ ਦੋਸ਼ ਸਬੰਧੀ ਪੋਰਟਲ ਉੱਤੇਕੇਸਾਂ ਨੂੰ ਨਿਯਮਿਤ ਤੌਰ ਉੱਤੇ ਅੱਪਲੋਡ ਕਰਨ ਲਈ ਕਿਹਾ ਗਿਆ ਹੈ। ਚੀਫਸੈਕਟਰੀ ਨੂੰ ਭੇਜੇ ਪੱਤਰ ਵਿੱਚ ਗ੍ਰਹਿ ਮੰਤਰਾਲੇ ਨੇ ਆਪਣੇ 24 ਸਤੰਬਰ 2020 ਦੇ ਪੱਤਰ ਦਾ ਹਵਾਲਾ ਦੇ ਕੇ ਕਿਹਾ ਹੈ ਕਿ ਮੰਤਰਾਲੇ ਵੱਲੋਂ ਨੈਸ਼ਨਲ ਸਾਈਬਰਕਰਾਇਮ ਰਿਪੋਰਟਿੰਗ ਪੋਰਟਲ (ਐਨ ਸੀ ਆਰ ਪੀ) ਦੇ ਰੂਪ ਵਿੱਚ ਸਾਰੇ ਸਾਈਬਰ ਅਪਰਾਧਾਂ ਦੀ ਰਿਪੋਰਟਿੰਗ ਲਈ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਇੱਕ 'ਸਿਸਟਮ' ਪੇਸ਼ ਕੀਤਾ ਹੈ, ਜਿਸ ਉੱਤੇ ਖ਼ਾਸ ਤੌਰ ਉੱਤੇ ਔਰਤਾਂ ਅਤੇ ਬੱਚਿਆਂ ਖ਼ਿਲਾਫ਼ ਸਾਈਬਰ ਜੁਰਮਾਂ ਉੱਤੇ ਨਜ਼ਰ ਰੱਖਣ ਦਾਪ੍ਰਬੰਧ ਕੀਤਾਗਿਆ ਹੈ। ਇਸ ਪੋਰਟਲ ਉੱਤੇ 30 ਅਗਸਤ 2019 ਤੱਕ ਤਿੰਨ ਲੱਖ ਤੋਂ ਵੱਧ ਸਾਈਬਰ ਜੁਰਮਾਂ ਦੀਆਂ ਸ਼ਿਕਾਇਤਾਂ ਦਰਜ ਹੋਈਆਂ ਹਨ। ਚੀਫਸੈਕਟਰੀ ਨੂੰ ਗ੍ਰਹਿ ਮੰਤਰਾਲੇ ਦੇ ਪੱਤਰ ਮੁਤਾਬਕ ਵੱਖ-ਵੱਖ ਮੌਕਿਆਂ ਉੱਤੇ ਰਾਜਾਂ ਦੇ ਨਾਲ ਜੁਰਮਾਂ ਦੀ ਵਿਚਾਰ ਦੌਰਾਨ ਪਤਾ ਲੱਗਾ ਹੈ ਕਿ ਸਾਈਬਰ ਦੋਸ਼ਾਂ ਬਾਰੇ ਸ਼ਿਕਾਇਤਾਂ ਉੱਤੇਕੇਸ ਦਰਜ ਕਰਨ ਵਿੱਚ ਲਾਪਰਵਾਹੀ ਵਰਤੀ ਜਾਂਦੀ ਹੈ। ਇਸ ਲਈ ਸਾਈਬਰ ਜੁਰਮਾਂ ਬਾਰੇ ਸ਼ਿਕਾਇਤਾਂ ਦੇ ਪ੍ਰਭਾਵਸ਼ਾਲੀ ਬਣਾਉਣ ਲਈ ਜ਼ਰੂਰੀ ਹੈ ਕਿ ਸਾਈਬਰ ਦੋਸ਼ ਬਾਰੇਕੇਸਾਂ ਦਾ ਸਟੇਟਸ ਲਗਾਤਾਰ ਐਨ ਸੀ ਆਰ ਬੀ (ਨੈਸ਼ਨਲ ਕਰਾਈਮ ਰਿਕਾਰਡ ਬਿਊਰੋ) ਉੱਤੇ ਅੱਪਲੋਡ ਕੀਤਾ ਜਾਵੇ ਅਤੇ ਸ਼ਿਕਾਇਤਾਂ ਦਾ ਨਿਬੇੜਾ ਤੈਅ ਸਮੇਂ ਵਿੱਚ ਕੀਤਾ ਜਾਵੇ।

# ਅਗਲੇ ਸਾਲ ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਵੋਟਰ ਸੂਚੀਆਂ ਨੂੰ ਸੋਧਣ ਦਾ ਕੰਮ ਸ਼ੁਰੂ

ਚੰਡੀਗੜ੍ਹ, 25 ਮਾਰਚ (ਪੋਸਟ ਬਿਊਰੋ)- ਪੰਜਾਬ ਵਿੱਚ ਅਗਲੇ ਸਾਲ 2022 ਵਿੱਚ ਦੀਆਂ ਵਿਧਾਨ ਸਭਾ ਚੋਣਾਂ ਦੇ ਲਈ ਮੁੱਖ ਚੋਣ ਅਧਿਕਾਰੀ ਪੰਜਾਬ ਦੇ ਦਫ਼ਤਰ ਨੇ ਵੋਟਰ ਸੂਚੀਆਂ ਅਪਡੇਟ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਹੈ।



ਭਾਰਤ ਦੇ ਚੋਣ ਕਮਿਸ਼ਨ (ਈ ਸੀ ਆਈ) ਦੀ ਮੌਜੂਦਾ ਨੀਤੀ ਅਨੁਸਾਰ ਅਗਲੇ ਸਾਲ ਦੀ ਇੱਕ ਜਨਵਰੀ ਨੂੰ ਵੋਟਰ ਬਣਨ ਵਾਸਤੇ ਯੋਗਤਾ ਦੀ ਤੈਅ ਕੀਤੀ ਮਿਤੀ ਮੰਨ ਕੇ ਵੋਟਰ ਸੂਚੀਆਂ ਦੀ ਸੋਧ ਕੀਤੀ ਜਾਣੀ ਹੈ, ਕਿਉਂਕਿ ਸਾਰੇ ਰਾਜਾਂ/ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਹਰ ਸਾਲ ਦੇ ਆਖਰੀ ਹਿੱਸੇ ਵਿੱਚ (ਆਮ ਤੌਰ ਉੱਤੇ ਸਾਲ ਦੀ ਆਖਰੀ ਤਿਮਾਹੀ ਵਿੱਚ) ਇਹ ਸੋਧ ਕੀਤੀ ਜਾਂਦੀ ਹੈ ਤਾਂ ਜੋ ਅਗਲੇ ਸਾਲ ਦੇ ਜਨਵਰੀ ਦੇ ਪਹਿਲੇ ਹਫ਼ਤੇ ਵੋਟਰ ਸੂਚੀਆਂ ਛਾਪੀਆਂ ਜਾ ਸਕਣ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਡਾ. ਐਸ ਕਰੁਣਾ ਰਾਜੂ, ਆਈ ਏ ਐਸ ਨੇ ਕਿਹਾ ਕਿ ਅਜਾਦ ਅਤੇ ਨਿਰਪੱਖ ਚੋਣਾਂ ਲਈ ਸਹੀ ਅਤੇ ਨੁਕਸ ਰਹਿਤ ਵੋਟਰ ਸੂਚੀ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਪੰਜਾਬ ਦੇ ਵੋਟਰਾਂ ਅਤੇ ਚੋਣ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਯੋਗ ਨਾਗਰਿਕਾਂ ਦੀ 100 ਫੀਸਦੀ ਰਾਜਿਸਟ੍ਰੇਸ਼ਨ ਨੂੰ ਯਕੀਨੀ ਬਣਾਉਣ।ਇਸ ਮੁਹਿੰਮ ਬਾਰੇ ਐਡੀਸ਼ਨਲ ਮੁੱਖ ਚੋਣ ਅਧਿਕਾਰੀ ਮਾਧਵੀ ਕਟਾਰੀਆ ਆਈ ਏ ਐਸ ਨੇ ਕਿਹਾ ਕਿ ਵੋਟਰ ਸੂਚੀ ਦੀ ਸੋਧ ਲਈ ਠੋਸ ਕਦਮ ਚੁੱਕਣ ਤੋਂ ਇਲਾਵਾ ਯੋਗ ਵੋਟਰਾਂ ਦੀ 100 ਫੀਸਦੀ ਰਜਿਸਟ੍ਰੇਸ਼ਨ ਯਕੀਨੀ ਕਰਨ ਲਈ ਵਿਸ਼ੇਸ਼ ਮੁਹਿੰਮ ਦੀ ਯੋਜਨਾ ਬਣਾਈ ਗਈ ਹੈ। ਕੋਰੋਨਾ ਦੀ ਮਹਾਮਾਰੀ ਕਾਰਨਟੈਕਨੋਲੋਜੀ ਆਧਾਰਤ ਇਸ ਮੁਹਿੰਮ ਲਈ ਡਿਜੀਟਲ ਮੀਡੀਆ ਦੀ ਪੂਰੀ ਮਦਦ ਲਈ ਜਾ ਰਹੀ ਹੈ।





## ਮਰੀਅਮ ਨਵਾਜ਼ ਨੂੰ ਅਗੇਤੀ ਜ਼ਮਾਨਤ ਮਿਲ ਗਈ



ਲਾਹੌਰ, 25 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਦੀ ਇੱਕ ਅਦਾਲਤ ਨੇ ਭੂਮੀ ਦੇ ਨਾਜਾਇਜ ਕਬਜੇ ਦੇ ਕੇਸ ਵਿੱਚ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ ਸ਼ਰੀਫ ਦੀ ਦੀ ਮਰੀਅਮ ਨਵਾਜ ਦੀ 12 ਅਪ੍ਰੈਲ ਤੱਕ ਦੇ ਲਈ ਅਗੇਤੀ ਜਮਾਨਤ ਅਰਜ਼ੀ ਕੱਲ੍ਹ ਸਵੀਕਾਰ ਕਰ ਲਈ ਹੈ, ਪਰ ਕੇਸ ਚੱਲਦਾ ਰਹੇਗਾ।

ਲਾਹੌਰ ਹਾਈ ਕੋਰਟ ਨੇ ਰਾਸ਼ਟਰੀ ਜਵਾਬਦੇਹੀ ਬਿਊਰੋ (ਐਨ ਏ ਬੀ) ਨੂੰ ਦੇਸ਼ ਦੇ ਮੁੱਖ ਵਿਰੋਧੀ ਦਲ ਪਾਕਿ-ਸਤਾਨ ਮੁਸਲਿਮ ਲੀਗ-ਨਵਾਜ (ਪੀ ਐਮ ਐਲ ਐਨ) ਦੀ ਆਗੂ ਮਰੀਅਮ ਨੂੰ ਗ੍ਰਿਫ਼ਤਾਰ ਕਰਨ ਤੋਂ ਰੋਕ ਦਿੱਤਾ ਅਤੇ ਉਨ੍ਹਾਂ ਨੂੰ 12 ਅਪ੍ਰੈਲ ਤੱਕ ਅਗੇਤੀ ਜ਼ਮਾਨਤ ਦੇ ਕੇ 10 ਲੱਖ ਪਾਕਿਸਤਾਨੀ ਰੁਪਏ ਦਾ ਜਮਾਨਤੀ ਬਾਂਡ ਜਮ੍ਹਾ ਕਰਾਉਣ ਦਾ ਆਦੇਸ਼ ਦਿੱਤਾ ਹੈ। ਐਨ ਏ ਬੀ ਮਰੀਅਮ ਦੇ ਖ਼ਿਲਾਫ਼ ਆਧਿਕਾਰਤ ਸਾਧਨਾਂ ਦੀ ਨਾਜਾਇਜ ਵਰਤੋਂ ਕਰ ਕੇ ਲਾਹੌਰ ਵਿੱਚ 148 ਕਨਾਲ (18.5 ਏਕੜ) ਜ਼ਮੀਨ ਖ਼ਰੀਦਣ ਅਤੇ ਚੌਧਰੀ ਸ਼ੂਗਰ ਮਿਲ ਮਾਮਲੇ ਸਬੰਧੀ ਮਨੀ ਲਾਂਡਰਿੰਗ ਦੇ ਦੋਸ਼ਾਂ ਦੀ ਜਾਂਚ ਕਰ ਰਹੀ ਹੈ। ਮਨੀ ਲਾਂਡਰਿੰਗ ਮਾਮਲੇ ਦੀ ਜਾਂਚ ਵਿੱਚ ਮਰੀਅਮ ਨਵੰਬਰ 2019 ਤੋਂ ਜਮਾਨਤ 'ਤੇ ਹੈ।

## ਮਿਆਂਮਾਰ 'ਚ ਸੈਂਕੜੇ ਪ੍ਰਦਰਸ਼ਨਕਾਰੀ ਰਿਹਾਅ ਕੀਤੇ ਗਏ

ਯੰਗੂਨ, 25 ਮਾਰਚ (ਪੋਸਟ ਬਿਊਰੋ)- ਮਿਆਂਮਾਰ ਦੇ ਫ਼ੌਜੀ ਰਾਜ ਨੇ ਪ੍ਰਦਰਸ਼ਨਾਂ ਨੂੰ ਰੋਕਣ ਲਈ ਨਰਮੀ ਦਾ ਸੰਕੇਤ ਦਿੰਦੇ ਹੋਏ ਕੱਲ੍ਹ ਸੈਂਕੜੇ ਪ੍ਰਦਰਸ਼ਨਕਾਰੀਆਂ ਨੂੰ ਛੱਡ ਦਿੱਤਾ, ਜਿਨ੍ਹਾਂ ਨੂੰ ਪਿਛਲੇ ਮਹੀਨੇ ਹੋਏ ਤਖਤਾ ਪਲਟ ਦਾ ਵਿਰੋਧ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਸੀ। ਯੰਗੂਨ ਦੀ ਇਨਸਿਲ ਦੇ ਬਾਹਰ ਰਿਹਾਅ ਕੀਤੇ ਪ੍ਰਦਰਸ਼ਨਕਾਰੀਆਂ ਨਾਲ ਭਰੀਆਂ ਬੱਸਾਂ ਨੂੰ ਦੇਖਿਆ ਗਿਆ, ਜਿਨ੍ਹਾਂ ਵਿੱਚ ਜ਼ਿਆਦਾਤਰ ਨੌਜਵਾਨ ਸਨ ਅਤੇ ਖੁਸ਼ ਦਿਖਾਈ ਦੇ ਰਹੇ ਸਨ।

ਪ੍ਰਦਰਸ਼ਨਕਾਰੀਆਂ ਵਿੱਚੋਂ ਕੁਝ ਨੇ ਤਿੰਨ ਉਂਗਲੀਆਂ ਦਾ ਨਿਸ਼ਾਨ ਦਿਖਾਇਆ, ਜੋ ਫ਼ੌਜੀ ਰਾਜ ਦੇ ਖ਼ਿਲਾਫ਼ ਵਿਰੋਧ ਦਾ ਪ੍ਰਤੀਕ ਬਣ ਗਿਆ ਹੈ। ਮਿਆਂਮਾਰ ਦੇ ਸਰਕਾਰੀ ਟੈਲੀਵਿਜਨ ਮੁਤਾਬਕ 628 ਲੋਕਾਂ ਨੂੰ ਛੱਡਿਆ ਗਿਆ ਹੈ। ਵਰਨਣ ਯੋਗ ਹੈ ਕਿ ਇੱਕ ਫਰਵਰੀ ਨੂੰ ਆਂਗ ਸਾਨ ਸੂਚੀ ਦੀ ਚੁਣੀ ਹੋਈ ਸਰਕਾਰ ਦਾ



ਤਖਤਾ ਪਲਟ ਹੋਣ ਤੋਂ ਬਾਅਦ ਮਾਰਚ ਦੀ ਸ਼ੁਰੂਆਤ ਵਿੱਚ ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫਤਾਰ ਕੀਤਾ ਸੀ, ਜਿਨ੍ਹਾਂ ਵਿੱਚ ਸੈਂਕੜੇ ਵਿਦਿਆਰਥੀ ਸਨ। ਅਧਿਕਾਰੀਆਂ ਦੀ ਨਜ਼ਰ ਵਿੱਚ ਆਉਣ ਤੋਂ ਬਚਣ ਲਈ ਇੱਕ ਮਹਿਲਾ ਵਕੀਲ ਨੇ ਪਛਾਣ ਗੁਪਤ ਰੱਖਦੇ ਹੋਏ ਦੱਸਿਆ ਕਿ ਜਿਹੜੇ ਲੋਕਾਂ ਨੂੰ ਰਿਹਾਅ ਕੀਤਾ ਹੈ, ਉਨ੍ਹਾਂ ਨੂੰ ਤਿੰਨ ਮਾਰਚ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਨੇ ਦੱਸਿਆ ਕਿ ਅਜੇ ਵੀ ਪ੍ਰਦਰਸ਼ਨਾਂ ਦੇ ਕਾਰਨ ਗ੍ਰਿਫ਼ਤਾਰ 55 ਲੋਕ ਜੇਲ੍ਹ ਵਿੱਚ ਹਨ



ਅਤੇ ਉਨ੍ਹਾਂ ਦੇ ਖ਼ਿਲਾਫ਼ ਚਲਾਣ ਪੇਸ਼ ਕੀਤੇ ਜਾਣਗੇ, ਜਿਸ ਵਿੱਚ ਤਿੰਨ ਸਾਲ ਤੱਕ ਕੈਦ ਹੋ ਸਕਦੀ ਹੈ।'ਮਿਆਂਮਾਰ ਅਸਿਸਟੈਂਸ ਐਸੋਸੀਏਸ਼ਨ ਪਾਲੀਟਿਕਲ ਪ੍ਰਿਜਨਰਸ' (ਐਮ ਏ ਏ ਪੀ ਪੀ) ਨੇ ਦੇਸ਼ ਦੀ ਸਰਕਾਰ ਦਾ ਤਖਤਾ ਪਲਟੇ ਜਾਣ ਤੋਂ ਬਾਅਦ ਕਾਰਵਾਈ ਵਿੱਚ 275 ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਹੈ। ਐਮ ਏ ਏ ਪੀ ਪੀ ਨੇ ਦੱਸਿਆ ਕਿ ਉਸ ਨੇ 2812 ਲੋਕਾਂ ਦੀ ਗ੍ਰਿਫ਼ਤਾਰੀ ਦੀ ਪੁਸ਼ਟੀ ਕੀਤੀ ਹੈ, ਜਿਨ੍ਹਾਂ ਵਿੱਚੋਂ 2418 ਹਾਲੇ ਵੀ ਹਿਰਾਸਤ ਵਿੱਚ ਹਨ ਜਾਂ ਜਿਨ੍ਹਾਂ ਉੱਤੇ ਕੇਸ ਚਲਾਇਆ ਗਿਆ ਹੈ। ਇਸ ਮੌਕੇ ਕੱਲ੍ਹ ਪ੍ਰਦਰਸ਼ਨਕਾਰੀਆਂ ਨੇ ਨਵੀਂ ਰਣਨੀਤੀ ਅਪਨਾਈ ਅਤੇ ਉਨ੍ਹਾਂ ਨੇ ਸ਼ਾਂਤਮਈ ਹੜਤਾਲ ਦੇ ਤਹਿਤ ਲੋਕਾਂ ਨੂੰ ਆਪਣੇ ਘਰਾਂ ਵਿੱਚ ਹੀ ਰਹਿਣ ਤੇ ਕਾਰੋਬਾਰੀ ਸੰਸਥਾਵਾਂ ਨੂੰ ਦਿਨ 'ਚ ਬੰਦ ਰੱਖਣ ਦੀ ਅਪੀਲ ਕੀਤੀ। ਹੜਤਾਲ ਦੇ ਅਸਰ ਦਾ ਮੁਲਾਂਕਣ ਕਰਨਾ ਮੁਸ਼ਕਲ ਹੈ।

## ਅਮਰੀਕਾ ਵਿੱਚ ਏਸ਼ੀਆਈ ਲੋਕਾਂ ਖਿਲਾਫ ਹਿੰਸਾ ਤੋਂ ਗੁਟੇਰੇਜ਼ ਚਿੰਤਤ

ਯੂ ਐੱਨ ਓ, 25 ਮਾਰਚ (ਪੋਸਟ ਬਿਊਰੋ)- ਯੂ ਐੱਨ ਦੇ ਸਕੱਤਰ ਜਨਰਲ ਐਂਤੋਨੀਓ ਗੁਟੇਰੇਜ਼ ਨੇ ਕੋਰੋਨਾ ਮਹਾਮਾਰੀ ਦੇ ਦੌਰਾਨ ਏਸ਼ੀਆਈਆਂ ਅਤੇ ਏਸ਼ੀਆਈ ਮੂਲ ਦੇ ਅਮਰੀਕੀ ਲੋਕਾਂ ਖਿਲਾਫ ਵਧਦੀ ਹਿੰਸਾ ਬਾਰੇ ਗੰਭੀਰ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਹੈ ਕਿ ਪਿਛਲੇ ਸਾਲ ਵਾਪਰੀਆਂ ਹਜ਼ਾਰਾਂ ਘਟਨਾਵਾਂ ਨੇ ਅਸਹਿਣਸ਼ੀਲਤਾ, ਰੂੜ੍ਹੀਵਾਦੀ ਵਿਚਾਰਧਾਰਾ ਅਤੇ ਮਾੜੇ ਵਿਹਾਰ ਦੇ ਸਦੀਆਂ ਪੁਰਾਣੇ ਇਤਿਹਾਸ ਨੂੰ ਕਾਇਮ ਰੱਖਿਆ ਹੈ। ਗੁਟੇਰੇਜ਼ ਦਾ ਇਹ ਬਿਆਨ ਅਟਲਾਂਟਾ ਤੇ ਉਸ ਦੇ ਆਸਪਾਸ ਇਸ ਮਹੀਨੇ ਗੋਲੀਬਾਰੀ ਦੀਆਂ ਕੁਝ ਘਟਨਾਵਾਂ ਹੋਣ ਦੇਮੁੱਦੇ ਉਤੇ ਆਇਆ ਹੈ। ਇਨ੍ਹਾਂ ਘਟਨਾਵਾਂ ਵਿੱਚ ਅੱਠ ਜਣਿਆਂ ਦੀ ਮੌਤ ਹੋ ਗਈ ਸੀ, ਜਿਨ੍ਹਾਂ ਵਿੱਚ ਛੇ ਏਸ਼ੀਆਈ ਮੂਲ ਦੀਆਂ ਔਰਤਾਂ ਸ਼ਾਮਲ ਸਨ। ਗੁਟੇਰੇਜ਼ ਦੇ ਬੁਲਾਰੇ ਨੇ ਇੱਕ ਬਿਆਨ ਵਿੱਚ ਕਿਹਾ ਕਿ ਵਿਸ਼ਵ ਨੇ ਭਿਆਨਕ ਹਮਲੇ, ਸ਼ਬਦੀ ਅਤੇ ਸਰੀਰਕ ਸ਼ੋਸ਼ਣ, ਸਕੂਲਾਂ ਵਿੱਚ ਇੱਕ ਦੂਜੇ ਨੂੰ ਪ੍ਰੇਸ਼ਾਨ ਕਰਨ, ਕੰਮ ਕਾਜ ਦੀ ਥਾਂ ਉਤੇ ਵਿਤਕਰੇ, ਮੀਡੀਆ ਤੇ ਸੋਸ਼ਲ ਮੀਡੀਆ ਮੰਚਾਂ ਉੱਤੇ ਨਫਰਤ ਲਈ ਉਕਸਾਉਣਾ ਅਤੇ ਸ਼ਕਤੀਸ਼ਾਲੀ ਅਹੁਦਿਆਂ ਉੱਤੇ ਕਾਬਜ਼ ਲੋਕਾਂ ਦੀ ਭੜਕਾਊ ਭਾਸ਼ਾ ਵੇਖੀ। ਇਸ ਦੌਰਾਨ ਯੂ ਐੱਨ ਮਹਿਲਾ ਸੰਗਠਨ ਦੀ ਮੁਖੀ ਫੁਮਜ਼ਿਲੇ ਮਲਾਂਬੋ ਨਗੁਕਾ ਨੇ ਕਿਹਾ ਹੈ ਕਿ ਲਿੰਗ ਸਮਾਨਤਾ ਲਈ ਲਗਾਤਾਰ ਆਵਾਜ਼ ਚੁੱਕ ਰਹੇ ਵਿਸ਼ਵ ਨੂੰ ਰਾਜਸੀ ਅਗਵਾਈ ਦੇ ਖੇਤਰ ਵਿੱਚ ਮਹਿਲਾ-ਪੁਰਸ਼ ਅਸਮਾਨਤਾ ਦੂਰ ਕਰਨ ਲਈ ਤੇ ਕੋਵਿਡ-19 ਮਹਾਮਾਰੀ ਤੋਂ ਬਾਅਦ ਅਰਥਵਿਵਸਥਾ ਨੂੰ ਮੁੜ ਖੜ੍ਹਾ ਕਰਨ ਵਿੱਚ ਔਰਤਾਂ ਦੀ ਮਜ਼ਬੂਤ ਆਵਾਜ਼ ਯਕੀਨੀ ਬਣਾਉਣ ਲਈ ਕੰਮ ਕਰਨਾ ਚਾਹੀਦਾ ਹੈ।

## ਬੰਗਲਾ ਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ ਵਿੱਚ 14 ਜਣਿਆਂ ਨੂੰ ਮੌਤ ਦੀ ਸਜ਼ਾ

ਢਾਕਾ, 25 ਮਾਰਚ (ਪੋਸਟ ਬਿਊਰੋ)- ਬੰਗਲਾਦੇਸ਼ ਦੀ ਇੱਕ ਅਦਾਲਤ ਨੇ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੇ ਦੱਖਣ-ਪੱਛਮੀ ਚੋਣ ਖੇਤਰ ਵਿੱਚ ਸਾਲ 2000 ਵਿੱਚ ਉਨ੍ਹਾਂ ਦੀ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ ਵਿੱਚ 14 ਇਸਲਾਮੀ ਅੱਤਵਾਦੀਆਂ ਨੂੰ ਕੱਲ੍ਹ ਮੌਤ ਦੀ ਸਜ਼ਾ ਸੁਣਾਈ ਹੈ, ਜਿਸ ਬਾਰੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਢਾਕਾ ਦੇ ਸਪੀਡ ਟ੍ਰਾਇਲ ਟ੍ਰਿਬਿਊਨਲ-ਫਸਟ ਦੇ ਜੱਜ ਅੱਬੂ ਜਫਰ ਮੁਹੰਮਦ ਕਮਰੂਜੱਮਾਂ ਨੇ ਫੈਸਲਾ ਕਰਦੇ ਹੋਏ ਕਿਹਾ ਕਿ ਸਜ਼ਾ ਦੀ ਮਿਸਾਲ ਕਾਇਮ ਕਰਨ ਲਈ ਇਸ ਫੈਸਲੇ ਨੂੰ ਫਾਇਰਿੰਗ ਦਸਤਾ ਲਾਗੂ ਕਰੇਗਾ, ਜਦੋਂ ਤੱਕ ਕਾਨੂੰਨ ਵੱਲੋਂ ਇਸ ਉੱਤੇ ਰੋਕ ਨਾ ਲਾਈ



ਜਾਵੇ। ਸੁਣਵਾਈ ਦੌਰਾਨ ਉਨ੍ਹਾਂ ਵਿੱਚੋਂ ਨੌਂ ਅੱਤਵਾਦੀਜੇਲ੍ਹ ਤੋਂ ਅਦਾਲਤਲਿਆਂਦੇ ਗਏ ਸਨ। ਜੱਜ ਕਮਰਜ਼ਮਾਂ ਨੇ ਕਿਹਾ ਕਿ ਦੋਸ਼ੀਆਂ ਨੂੰ ਬੰਗਲਾਦੇਸ਼ ਦੇ ਕਾਨੂੰਨ ਹੇਠ ਮੌਤ ਦੀ ਸਜ਼ਾ ਦੀ ਲਾਜ਼ਮੀ ਸਮੀਖਿਆ ਤੋਂ ਬਾਅਦ ਸੁਪਰੀਮ ਕੋਰਟ ਦੇ ਬੈਂਚ ਦੀ ਮਨਜ਼ੂਰੀ ਮਿਲਣ ਉੱਤੇ ਮੌਜੂਦਾ ਦਸਤੂਰ ਮੁਤਾਬਕ ਫਾਂਸੀ ਉੱਤੇਟੰਗਿਆ ਜਾ ਸਕਦਾ ਹੈ। ਇਹ ਸਾਰੇ ਦੋਸ਼ੀ ਪਾਬੰਦੀਸ਼ੁਦਾ ਹਰਕਤ-ਉਲ-ਜਿਹਾਦ ਬੰਗਲਾਦੇਸ਼ ਦੇ ਮੈਂਬਰ ਹਨ। ਪੰਜ ਦੋਸ਼ੀ ਫਰਾਰ ਹਨ ਤੇ ਉਨ੍ਹਾਂ ਦੀ ਗੈਰ-ਹਾਜ਼ਰੀ ਵਿੱਚ ਉਨ੍ਹਾਂਬਾਰੇ ਸੁਣਵਾਈ ਚੱਲੀ ਅਤੇ ਸਰਕਾਰ ਵੱਲੋਂ ਨਿਯੁਕਤ ਵਕੀਲਾਂ ਨੇ ਕਾਨੂੰਨ ਮੁਤਾਬਕ ਉਨ੍ਹਾਂ ਦਾ ਬਚਾਅ ਕੀਤਾ। ਜੱਜ ਨੇ ਕਿਹਾ ਕਿ ਫਰਾਰ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਜਾਂ ਉਨ੍ਹਾਂ ਦੇ ਆਤਮਸਮਰਪਣ ਕਰ ਦੇਣ ਤੋਂ ਬਾਅਦ ਫੈਸਲੇ ਨੂੰ ਲਾਗੂ ਕੀਤਾ ਜਾਵੇ। ਹਰਕਤ-ਉਲ-ਜਿਹਾਦ ਬੰਗਲਾਦੇਸ਼ ਦੇ ਅੱਤਵਾਦੀਆਂ ਨੇ 21 ਜੁਲਾਈ 2000 ਨੂੰ ਦੱਖਣ-ਪੱਛਮੀ ਗੋਪਾਲਗੰਜ ਦੇ ਕੋਟਲੀਪਾੜਾ ਵਿੱਚ ਇੱਕ ਮੈਦਾਨ ਨੇੜੇ 76 ਕਿਲੋਗ੍ਰਾਮ ਦਾ ਬੰਬ ਲੱਗਾ ਦਿੱਤਾ ਸੀ। ਉਥੇ ਹਸੀਨਾ ਇੱਕ ਚੋਣ ਰੈਲੀ ਨੂੰ ਸੰਬੋਧਤ ਕਰਨ ਵਾਲੇ ਸਨ।

## ਯੂ ਕੇ ਦੀ ਕੁਈਨ ਐਲਿਜ਼ਾਬੈਥ ਵੱਲੋਂ ਪ੍ਰਿੰਸ ਵਿਲੀਅਮ ਨੂੰ ਮਹੱਤਵਪੂਰਨ ਜ਼ਿੰਮੇਵਾਰੀ

ਗਲਾਸਗੋ, 25 ਮਾਰਚ (ਪੋਸਟ ਬਿਊਰੋ)- ਮਹਾਰਾਣੀ ਐਲਿਜ਼ਾਬੈਥ ਨੇ ਚਰਚ ਆਫ਼ ਸਕਾਟਲੈਂਡਜ ਦੀ ਜਨਰਲ ਅਸੈਂਬਲੀ ਵਿੱਚ ਉਸ ਦੀ ਨੁਮਾਇੰਦਗੀ ਲਈ ਪ੍ਰਿੰਸ ਵਿਲੀਅਮ ਨੂੰ ਲਾਰਡ ਹਾਈ ਕਮਿਸ਼ਨਰ ਨਿਯੁਕਤ ਕੀਤਾ ਹੈ। ਇਸ ਤੋਂ ਪਹਿਲਾਂ 38 ਸਾਲਾਂ ਦੇ ਪ੍ਰਿੰਸ ਵਿਲੀਅਮ ਨੂੰ 2020 ਵਿੱਚ ਇਹ ਭੂਮਿਕਾ ਦਿੱਤੀ ਗਈ ਸੀ, ਪਰ ਜਨਰਲ ਅਸੈਂਬਲੀ ਨੂੰ ਮਹਾਮਾਰੀ ਕਾਰਨ ਪਿਛਲੇ ਮਈ ਵਿੱਚ ਰੱਦ ਕਰਨਾ ਪਿਆ ਸੀ। ਸ਼ਾਹੀ ਪਰਵਾਰ ਦੀ ਵੈਬਸਾਈਟ ਅਨੁਸਾਰ ਲਾਰਡ ਹਾਈ ਕਮਿਸ਼ਨਰ ਦੀ ਭੂਮਿਕਾ ਰਾਜ ਅਤੇ ਚਰਚ ਦੇ ਵਿਚਾਲੇ ਸੰਬੰਧ ਕਾਇਮ ਰੱਖਣ ਦੀ ਹੈ ਤੇ ਇੱਕ ਲਾਰਡ ਹਾਈ ਕਮਿਸ਼ਨਰ ਨਿਯੁਕਤ ਕਰਨ ਦੀ ਪ੍ਰੰਪਰਾ ਲੰਬੇ ਸਮੇਂ ਤੋਂ ਚੱਲ ਰਹੀ ਹੈ, ਜੋ 16ਵੀਂ ਸਦੀ ਦੇ ਬਾਅਦ ਵਾਲੇ ਹਿੱਸੇ ਵਿੱਚ ਸ਼ੁਰੂ ਹੋਈ ਸੀ। ਲਾਰਡ ਹਾਈ ਕਮਿਸ਼ਨਰ ਜਨਰਲ ਅਸੈਂਬਲੀ ਦੇ ਉਦਘਾਟਨੀ ਅਤੇ ਸਮਾਪਤੀ ਸਮਾਗਮ ਨੂੰ ਸੰਬੋਧਨ ਕਰਦਾ ਹੈ ਅਤੇ ਇਸਦੀ ਕਾਰਵਾਈ ਬਾਰੇ ਮਹਾਰਾਣੀ ਨੂੰ ਰਿਪੋਰਟ ਕਰਦਾ ਹੈ।ਜਨਰਲ ਅਸੈਂਬਲੀ ਦੇ ਕਾਰਜਕਾਲ ਲਈ ਲਾਰਡ ਹਾਈ ਕਮਿਸ਼ਨਰ ਨੂੰ ਹੋਲੀਰੂਡ ਹਾਊਸ ਦੇ ਪੈਲੇਸ ਵਿਖੇ ਰਹਿਣ ਦੀ ਆਗਿਆ ਹੁੰਦੀ ਹੈ ਅਤੇ ਇਸ ਸਮੇਂ ਦੌਰਾਨ ਉਸ ਨੂੰ ਗਾਰਡ ਆਫ਼ ਆਨਰ, 21 ਬੰਦੂਕਾਂ ਦੀ ਸਲਾਮੀ ਆਦਿ ਦਿੱਤੀ ਜਾਂਦੀ ਹੈ।




## ਨੈਨੀ ਦੀ ਲੋੜ

Queen and credit view area

ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।

ਸੰਪਰਕ:- 416-556-6884



## ਕਾਮਿਆਂ ਦੀ ਲੋੜ

ਇਕ construction ਕੰਪਨੀ ਨੂੰ ਕੁਝ ਕਾਮਿਆਂ ਦੀ ਤੁਰੰਤ ਲੋੜ ਹੈ। ਤੁਹਾਡੇ ਕੋਲ ਤਜ਼ਰਬਾ ਹੈ ਚਾਹੇ ਨਹੀਂ ਤਾਂ ਵੀ ਤੁਸੀਂ ਜੁਆਇੰਨ ਕਰ ਸਕਦੇ ਹੋ। ਵਧੀਆ ਤਨਖਾਹ, ਵਧੀਆ ਘੰਟੇ ਦਿੱਤੇ ਜਾਣਗੇ

6472055909, 9057897783


# ਛੁਰੇਬਾਜ਼ੀ ਕਾਰਨ 15 ਸਾਲਾ ਲੜਕਾ ਜ਼ਖ਼ਮੀ, ਮਸ਼ਕੂਕ ਹਿਰਾਸਤ 'ਚ

ਟੋਰਾਂਟੋ, 25 ਮਾਰਚ (ਪੋਸਟ ਬਿਊਰੋ) : ਛੁਰੇਬਾਜ਼ੀ ਕਾਰਨ ਇੱਕ 15 ਸਾਲਾ ਲੜਕਾ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਇਸ ਛੁਰੇਬਾਜ਼ੀ ਦੀ ਘਟਨਾ ਤੋਂ ਬਾਅਦ ਪੁਲਿਸ ਨੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਵੀ ਕੀਤਾ ਹੈ।

ਪੁਲਿਸ ਅਧਿਕਾਰੀਆਂ ਨੂੰ ਇਸ ਛੁਰੇਬਾਜੀ ਦੀ ਘਟਨਾ ਬਾਰੇ ਰਾਤੀਂ 3:30 ਵਜੇ ਜਾਣਕਾਰੀ ਦਿੱਤੀ ਗਈ। ਇਹ ਘਟਨਾ ਬਲੂਅਰ ਸਟਰੀਟ ਵੈਸਟ ਤੇ ਐਵਨਿਊ ਰੋਡ ਏਰੀਆ ਵਿੱਚ ਵਾਪਰੀ।ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਇੱਕ ਲੜਕਾ ਜ਼ਖ਼ਮੀ ਹਾਲਤ ਵਿੱਚ ਮਿਲਿਆ। ਉਸ ਦੇ ਢਿੱਡ ਵਿੱਚ ਚਾਕੂ ਨਾਲ ਵਾਰ ਕੀਤੇ ਗਏ ਸਨ ਤੇ ਉਹ ਬੁਰੀ ਤਰ੍ਹਾਂ ਜ਼ਖ਼ਮੀ ਸੀ।




ਪੈਰਾਮੈਡਿਕਸ ਨੇ ਦੱਸਿਆ ਕਿ ਉਸ ਨੂੰ ਗੰਭੀਰ ਪਰ ਸਥਿਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਕਾਂਸਟੇਬਲ ਲੌਰਾ ਬ੍ਰੈਬੰਤ ਦਾ ਕਹਿਣਾ ਹੈ ਕਿ ਜਾਂਚਕਾਰਾਂ ਨੇ ਕੁੱਝ ਸਮੇਂ ਬਾਅਦ ਹੀ ਮਸ਼ਕੂਕ ਨੂੰ ਗ੍ਰਿਫਤਾਰ ਕਰ ਲਿਆ। ਬ੍ਰੈਬੰਤ ਨੇ ਆਖਿਆ ਕਿ ਅਜੇ ਤੱਕ ਇਹ ਸਪਸ਼ਟ ਨਹੀਂ ਹੋਇਆ ਹੈ ਕਿ ਦੋਵੇਂ ਧਿਰਾਂ ਇੱਕ ਦੂਜੇ ਨੂੰ ਜਾਣਦੀਆਂ ਸਨ ਜਾਂ ਨਹੀਂ।


ਕੈਨੇਡੀਅਨ ਪੰਜਾਬੀ ਪੋਸਟ — Award winning news paper | Canadian Punjabi Post

# CLASSIFIEDS

Starting at just $10

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

Call for Free Estimates
A-1 RENOVATION GTA INC
Services: • Complete Basement • Tiles • Bathrooms • Laminate • Plumbing • Hardwood Floor • Painting
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

You can Place Your Business Here (905)793-2202 To Reach Wider Audience

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Call Us For Guaranteed Lowest Airfare
ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202


## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ੍ਹੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

## ਲੜਕੇ ਦੀ ਲੋੜ

Looking for suitable gursikh match for Ramdasia girl, height 5.6' fair. Completed master degree in IT from British Columbia. Currently working as a Cyber security analyst in Vancouver, BC. Permanent residency is expected soon. Sister,brother and nanka family is settled in canada. Mother is central govt employee in chandigarh. No Caste bar. Preference from within canada and America.PR or Citizen preferred. Call after 5pm and weekends at 416 721 5191.

Seeking a Boy for Beautiful, well educated, Mumbai Born and Raised 5' 2'', 27 years old Sikh Ramgarhia girl. Completed Masters in Commerce and Currently a Lecturer at a Prominent College in Mumbai. Looking for a well-educated Boy, cast no Bar, from Canada or US. Contact 416 524 7330

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654


UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
AVTAR UPPAL Manager
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ, ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days a Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

# Happy Holi

## Festival of Colours

## & Happy Hola Mohalla





**Amarjot Sandhu, MPP**
**Brampton West**

**ਅਮਰਜੋਤ ਸੰਧੂ, ਐਮ ਪੀ ਪੀ**
**ਬਰੈਂਪਟਨ ਵੈਸਟ**

CONSTITUENCY OFFICE:
10 Gillingham Drive
Unit 309, Brampton, ON L6X 0G6
Tel: 905-595-1532

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ

- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ

ਹੁਣੇ ਹੀ ਕਾਲ ਕਰੋ

75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ

ਕਰਜ਼ੇ ਦੀ ਸਿਰਦਰਦੀ ?

ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ

Late Evening and Weekends Appointments Available 1888 864 3131

Jasbir Singh Hundal
Qualified Credit Counsellor

www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated

Purchase || Refinance || Major Banks /Credit Unions || Private Lenders || Second Mortgages-Lowest 6.99 %

The Mortgage Centre
AvonFinancial Inc. Advice you can bank on.
Brokerage Lic. 12538

Cell: 416-841-4218 Tel: 905-216-5563

Harpreet Singh Goraya
Principal Broker (Lic # M12000607)

831 Bovaird Dr. West, Unit 25, Brampton, ON L6X 0T9 Fax : 905-216-0392

Law Office of Aman Sharma

- Real Estate - Commercial Lease
- Business Purchase & Sale
- Notarizations & Affidavits
- Wills & Power Of Attorney

Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

HELPING YOU PLAN TODAY...FOR TOMORROW

- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP

www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

MANN LAW FIRM

- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration

Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੇਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017


ਇਕ ਹਾਨੀਰਹਿਤ ਕੌਫ਼ੀ ਬਰੇਕ
ਤੁਹਾਡੀ ਸੋਚ ਨਾਲੋਂ ਜ਼ਿਆਦਾ
ਨੁਕਸਾਨ ਕਰ ਸਕਦੀ ਹੈ।
ਕੋਵਿਡ-19 ਦੇ ਫੈਲਾਅ ਨੂੰ ਰੋਕਣ ਲਈ ਮਾਸਕ ਪਹਿਨੋ,
ਆਪਣੇ ਹੱਥ ਧੋਵੋ ਅਤੇ ਸਰੀਰਕ ਦੂਰੀ ਰੱਖੋ।
ontario.ca/covid-19 ਤੇ ਜ਼ਿਆਦਾ ਜਾਣੋ
ਇਸਦੀ ਅਦਾਇਗੀ ਓਨਟਾਰੀਓ ਸਰਕਾਰ ਵਲੋਂ ਕੀਤੀ ਗਈ ਹੈ।
Ontario

# ਮੈਨੂੰ ਕਿਵੇਂ ਪਤਾ ਲਗੇ ਕਿ COVID-19 ਵੈਕਸੀਨਜ਼ ਸੁਰੱਖਿਅਤ ਹਨ?

ਜਿਹੜੀਆਂ ਵੈਕਸੀਨਜ਼ ਸੁਰੱਖਿਅਤ, ਪ੍ਰਭਾਵੀ ਅਤੇ ਉਤਮ ਕੁਆਲਟੀ ਦੀਆਂ ਹਨ, ਉਹ ਹੀ ਹੈਲਥ ਕੈਨੇਡਾ ਵਲੋਂ ਅਧਿਕਾਰਤ ਕੀਤੀਆਂ ਜਾਂਦੀਆਂ ਹਨ। ਦੁਨੀਆਂ ਭਰ ਵਿਚ ਕੈਨੇਡਾ ਆਪਣੇ ਉੱਚੇ ਮਿਆਰਾਂ ਅਤੇ ਸਖਤ ਵੈਕਸੀਨ ਰਿਵਿਊ ਪ੍ਰੀਕਿਰਿਆ ਲਈ ਜਾਣਿਆ ਜਾਂਦਾ ਹੈ।

**COVID-19 ਵੈਕਸੀਨਜ਼ ਬਾਰੇ ਵਧੇਰੇ ਜਾਣਕਾਰੀ ਲਈ**
Canada.ca/covid-vaccine `ਤੇ ਜਾਓ।

1-833-784-4397



Government of Canada Gouvernement du Canada

Canada